# ਪੰਜਾਬੀ ਸੂਫ਼ੀ ਕਾਵਿ-ਪ੍ਰੰਪਰਾ ਵਿਚ ਇਸ਼ਕ ਦਾ ਪ੍ਰਵਚਨ

**Dr. Raj Kirpal Singh**
Assistant professor
Guru Nanak College, Mandi Killianwali
Distt Sri Muktsar Sahab, Punjab.

Received Sept. 22, 2017 Accepted Nov. 10, 2017

ਪ੍ਰਵਚਨ ਇਕ ਅਜਿਹਾ ਭਾਸ਼ਾਈ ਵਾਕ, ਕਾਵਿ-ਟੋਟਾ ਜਾਂ ਵਡੇਰਾ ਭਾਸ਼ਾਈ ਪ੍ਰਗਟਾਵਾ ਹੁੰਦਾ ਹੈ ਜੋ ਵਕਤਾ ਅਤੇ ਸਰੋਤਾ ਦਰਮਿਆਨ ਸਾਰਥਕ ਸੰਵਾਦ ਰਚਾਉਂਦਿਆਂ ਕਿਸੇ ਸੰਦੇਸ਼/ਸੁਨੇਹੇ ਨੂੰ ਉਜਾਗਰ ਕਰਦਾ ਜਾਂ ਪ੍ਰਗਟਾਉਂਦਾ ਹੈ। ਸੋ ਜੇ ਪ੍ਰਵਚਨ ਨੂੰ ਸਾਹਿਤ ਨਾਲ ਸਬੰਧਤ ਕਰਕੇ ਦੇਖਿਆ ਜਾਵੇ ਤਾਂ ਇਥੇ ਸਪਸ਼ਟ ਹੁੰਦਾ ਹੈ ਕਿ ਸਮੁੱਚਾ ਸਾਹਿਤ ਹੀ ਆਪਣੇ ਰਚਨਾ ਪਾਠਾਂ ਵਿਚ ਕਿਸੇ ਸਾਹਿਤਕਾਰ ਦੁਆਰਾ ਸਿਰਜਤ ਸੰਦੇਸ਼ਾਂ/ਸੁਨੇਹਿਆਂ ਨੂੰ ਆਪਣੇ ਵਿਚ ਸਮੋਏ ਹੋਏ ਹੁੰਦਾ ਹੈ ਅਤੇ ਇਕ ਰਚਨਾ ਪਾਠ ਵਜੋਂ ਲੇਖਕ ਦੁਆਰਾ ਆਪਣੇ ਵਿਚ ਸਮੇਟੇ ਸੰਦੇਸ਼ਾਂ/ਗਿਆਨ ਵਿਚਾਰਾਂ ਨੂੰ ਪਾਠਕ/ਸਰੋਤਾ ਤੱਕ ਸੰਚਾਰਦਾ ਜਾਂ ਸੰਚਾਰਨ ਦਾ ਯਤਨ ਕਰਦਾ ਹੈ। ਪਰ ਲੇਖਕ ਦੁਆਰਾ ਸਾਹਿਤ ਪਾਠ ਵਿਚ ਸਿਰਜੇ ਤੇ ਸਮੋਏ ਇਨ੍ਹਾਂ ਸੰਦੇਸ਼ਾਂ ਨੂੰ ਤਲਾਸ਼ਣਾ ਤੇ ਉਨ੍ਹਾਂ ਤੱਕ ਪਹੁੰਚ ਹਾਸਲ ਕਰਕੇ ਉਜਾਗਰ ਕਰਨ ਦੀ ਯੋਗਤਾ ਪਾਠਕ/ਸਰੋਤਾ ਦੇ ਬੁੱਧ-ਵਿਵੇਕ 'ਤੇ ਨਿਰਭਰ ਕਰਦੀ ਹੈ। ਇਸ ਪ੍ਰਕਾਰ ਕਿਸੇ ਸਾਹਿਤ ਰਚਨਾ ਵਿਚ ਸਮਾਏ ਇਨ੍ਹਾਂ ਸੰਦੇਸ਼ਾਂ ਜਾਂ ਪ੍ਰਵਚਨਾਂ ਤੱਕ ਰਸਾਈ ਹਾਸਲ ਕਰਨ ਦਾ ਸਾਰਾ ਦਾਰੋਮਦਾਰ ਲੇਖਕ ਦੀ ਸੰਚਾਰ ਸਮਰੱਥਾ ਦੇ ਨਾਲ-ਨਾਲ ਕਿਤੇ ਵਧੇਰੇ ਪਾਠਕ ਜਾਂ ਸਰੋਤੇ ਦੀ ਸਮਝ 'ਤੇ ਯਤਨਾਂ ਉਪਰ ਨਿਰਭਰ ਕਰਦਾ ਹੈ। ਸੋ ਜੇ ਕਿਸੇ ਲੇਖਕ ਦੁਆਰਾ ਆਪਣੇ ਗਿਆਨ ਸੰਦੇਸ਼ਾਂ ਨੂੰ ਸਿਰਜਣ ਤੇ ਸੰਚਾਰਨ ਲਈ ਕਾਵਿ-ਰੂਪ ਜਾਂ ਕਾਵਿ-ਭਾਸ਼ਾ ਨੂੰ ਵਰਤਿਆ ਗਿਆ ਹੋਵੇ ਤਾਂ ਉਸ ਰਚਨਾ ਪਾਠ ਵਿਚੋਂ ਕਿਸੇ ਪਾਠਕ/ਸਮੀਖਿਆਕਾਰ ਦੇ ਵਿਸ਼ਲੇਸ਼ਣ ਦੁਆਰਾ ਸਾਹਮਣੇ ਆਉਂਦੇ ਇਨ੍ਹਾਂ ਗਿਆਨ ਸੰਦੇਸ਼ਾਂ ਨੂੰ ਕਾਵਿ-ਪ੍ਰਵਚਨ ਕਹਿ ਲਿਆ ਜਾਂਦਾ ਹੈ। ਕਿਉਂਕਿ ਇਹ ਪ੍ਰਵਚਨ ਕਵਿਤਾ ਨਾਲ ਸਬੰਧਤ ਹੁੰਦੇ ਹਨ। ਇਥੇ ਇਹ ਵੀ ਧਿਆਨ ਰੱਖਣਯੋਗ ਹੈ ਕਿ ਵਾਰਤਕ ਜਾਂ ਗਲਪ ਦੇ ਮੁਕਾਬਲੇ ਕਾਵਿ-ਰੂਪ ਜਾਂ ਕਾਵਿ-ਭਾਸ਼ਾ ਕਿਤੇ ਵਧੇਰੇ ਬਹੁ-ਪਰਤੀ ਤੇ ਬਹੁ-ਪਸਾਰੀ ਹੁੰਦੀ ਹੈ, ਇਸ ਕਰਕੇ ਉਸ ਵਿਚੋਂ ਇਕ ਤੋਂ ਵਧੇਰੇ ਪ੍ਰਵਚਨਾਂ ਦੇ ਉਦੈ ਹੋ ਕੇ ਸਾਹਮਣੇ ਆਉਣ ਦੀ ਸੰਭਾਵਨਾ ਨਿਰੰਤਰ ਬਣੀ ਰਹਿੰਦੀ ਹੈ।

ਇਵੇਂ ਜਦੋਂ ਕੋਈ ਪਾਠਕ ਜਾਂ ਸਾਹਿਤ ਵਿਸ਼ਲੇਸ਼ਕ ਕਿਸੇ ਸਾਹਿਤ ਰਚਨਾ/ਪਾਠ ਵਿਚ ਸਮਾਏ ਹੋਏ ਪ੍ਰਵਚਨਾਂ/ਗਿਆਨ ਵਿਚਾਰਾਂ ਨੂੰ ਪਛਾਣਨ ਲਈ ਉਸਦੀ ਪਰਖ-ਪੜਚੋਲ ਵਿਸ਼ਲੇਸ਼ਣ ਦੇ ਪ੍ਰਵਚਨਾਤਮਿਕ ਨਜ਼ਰੀਏ ਤੇ ਪੈਟਰਨਾਂ ਨੂੰ ਸਾਹਮਣੇ ਰੱਖ ਕੇ ਉਥੇ ਛੁਪੇ ਹੋਏ ਪ੍ਰਵਚਨਾਂ ਨੂੰ ਸਾਹਮਣੇ ਲਿਆਉਣ ਲਈ ਕਰਦਾ ਹੈ ਤਾਂ ਇਥੇ ਪ੍ਰਵਚਨ ਸੰਕਲਪ ਦੀ ਵਰਤੋਂ ਇਕ ਵਿਸ਼ਲੇਸ਼ਣਾਤਮਿਕ ਵਿਧੀ ਵਜੋਂ ਹੋ ਜਾਂਦੀ ਹੈ। ਕਿਸੇ ਸਾਹਿਤ ਪਾਠ ਵਿਚ ਸਮੋਏ ਪ੍ਰਵਚਨਾਂ ਨੂੰ ਉਜਾਗਰ ਕਰਨ ਲਈ ਪ੍ਰਵਚਨ ਸੰਕਲਪ ਦੀ ਹੋਈ ਅਜਿਹੀ ਵਿਸ਼ਲੇਸ਼ਣਾਤਮਿਕ ਵਰਤੋਂ ਨੂੰ ਹੀ ਸਾਹਿਤ ਸਮੀਖਿਆ ਵਿਚ ਸਾਹਿਤ ਪਾਠ ਦਾ ਪ੍ਰਵਚਨ ਵਿਸ਼ਲੇਸ਼ਣ ਕਿਹਾ ਜਾਂਦਾ ਹੈ। ਸੋ ਅਜਿਹੇ ਵਿਸ਼ਲੇਸ਼ਣ ਰਾਹੀਂ ਪਾਠਾਂ ਵਿਚ ਸਮੋਏ ਪ੍ਰਵਚਨਾਂ ਨੂੰ ਪਛਾਣਨ ਲਈ ਇਕ ਤੋਂ ਵਧੇਰੇ ਪਾਠਾਂ ਵਿਚਲੇ ਆਪਸੀ ਅੰਤਰਪਾਠੀ ਅਤੇ ਵਿਰਚਨਾਵਾਦੀ ਸਬੰਧਾਂ, ਪਾਠ ਵਿਚ ਭਾਸ਼ਾਈ ਸੰਚਾਰ ਨੂੰ ਸਥਾਪਤ ਕਰਦੇ ਚਿਹਨਾਂ ਤੇ ਭਾਸ਼ਾਈ ਬਣਤਰਾਂ ਦੇ ਆਪਸੀ ਜੋੜ-ਮੇਲ ਵਾਲੇ ਸਬੰਧਾਂ, ਵੱਖ-ਵੱਖ ਕਵੀਆਂ ਦੁਆਰਾ ਪਾਠ ਸਿਰਜਣਾ ਦੌਰਾਨ ਵਰਤੇ ਪ੍ਰਤੀਕਾਂ ਦੀ ਸਾਂਝ, ਇਕ ਤੋਂ ਵਧੇਰੇ ਕਵੀਆਂ ਦੁਆਰਾ ਅਨੇਕਾਂ ਪਾਠਾਂ ਵਿਚ ਆਪਸੀ ਸਾਂਝੇਪਣ ਵਾਲੀਆਂ ਕਾਵਿ-ਜੁਗਤਾਂ, ਕਾਵਿ-ਰੂੜੀਆਂ, ਪੈਟਰਨਾਂ ਜਾਂ ਪ੍ਰਤੀਮਾਨਾਂ ਦੀ ਵਰਤੋਂ ਨੂੰ ਅਜਿਹੇ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਜਾਂਦਾ ਹੈ। ਇਵੇਂ ਇਨ੍ਹਾਂ ਸਾਰੇ ਬੁਨਿਆਦੀ ਆਧਾਰਾਂ ਦੀ ਵਰਤੋਂ ਸਾਹਿਤ /ਕਾਵਿ-ਪਾਠ ਦੇ ਪ੍ਰਵਚਨਕ ਪੱਖ ਨੂੰ ਪਛਾਣਨ ਲਈ ਹੀ ਕੀਤੀ ਜਾਂਦੀ ਹੈ। ਜਿਸ ਲਈ ਦੂਸਰੀਆਂ ਸਮੀਖਿਆ ਪ੍ਰਣਾਲੀਆਂ ਜਿਵੇਂ ਸੰਰਚਨਾਵਾਦ, ਉੱਤਰ-ਸੰਰਚਨਾਵਾਦ, ਮਨੋਵਿਸ਼ਲੇਸ਼ਣ ਤੇ ਵਿਰਚਨਾ ਵਿਧੀ ਆਦਿ ਦੇ ਬੁਨਿਆਦੀ ਸੰਕਲਪਾਂ ਨੂੰ ਵਿਸ਼ਲੇਸ਼ਣਾਤਮਿਕ ਲੋੜ ਅਨੁਸਾਰ ਪ੍ਰਵਚਨਾਂ ਦੇ ਉਜਾਗਰ ਹੋਣ ਜਾਂ ਸਾਹਿਤ ਪਾਠਾਂ ਵਿਚ ਸਮੋਏ ਪ੍ਰਵਚਨਾਂ ਨੂੰ ਪਛਾਣਨ ਲਈ ਆਧਾਰ ਰੂਪ ਵਿਚ ਵਰਤ ਲਿਆ ਜਾਂਦਾ ਹੈ। ਇਸ ਪ੍ਰਕਾਰ ਸਮੁੱਚੇ ਪ੍ਰਵਚਨ ਵਿਸ਼ਲੇਸ਼ਣ ਦਾ ਮੁੱਖ ਕੇਂਦਰ ਬਿੰਦੂ ਸਾਹਿਤ ਪਾਠ ਵਿਚੋਂ 'ਪ੍ਰਵਚਨ ਦਾ ਉਦੈ ਹੋਣਾ ਤੇ ਉਸਨੂੰ ਪਛਾਣਨਾ' ਹੀ ਹੁੰਦਾ ਹੈ।

ਜੇ ਅਸੀਂ ਪੰਜਾਬੀ ਸੂਫ਼ੀ ਕਾਵਿ-ਪ੍ਰੰਪਰਾ ਤੇ ਉਸ ਵਿਚ ਪੇਸ਼ ਹੋਏ ਇਕ ਤੋਂ ਵਧੇਰੇ ਪ੍ਰਵਚਨਾਂ ਦੀ ਗੱਲ ਕਰੀਏ ਤਾਂ ਸਪਸ਼ਟ ਹੈ ਕਿ ਇਸ ਕਾਵਿ-ਪ੍ਰੰਪਰਾ ਵਿਚਲੇ ਵੱਖ-ਵੱਖ ਸੂਫ਼ੀ ਸਾਧਕ ਸ਼ਾਇਰਾਂ ਨੇ ਆਪਣੇ ਸੂਫ਼ੀਆਨਾ ਸਾਧਨਾ ਤੇ ਜੀਵਨ ਅਨੁਭਵਾਂ ਨੂੰ ਸਵੈ ਤੋਂ ਪਾਰ ਜਾਂਦਿਆਂ ਜਨ ਸਮੂਹ ਨੂੰ ਜੀਵਨ ਤੇ ਸਾਧਨਾ ਵਿਵਹਾਰਾਂ ਪ੍ਰਤੀ ਚਿਤਾਰਨ ਲਈ ਆਪਣੇ ਸੰਦੇਸ਼ ਜਾਂ ਗਿਆਨ ਵਿਚਾਰਾਂ/ਪ੍ਰਵਚਨਾਂ ਨੂੰ ਕਾਫੀਆਂ ਸਮੇਤ ਵੱਖ-ਵੱਖ ਕਾਵਿ-ਰੂਪਾਂ ਵਾਲੇ ਕਾਵਿ-ਪਾਠਾਂ ਵਜੋਂ ਸਿਰਜਿਆ ਤੇ ਸੰਚਾਰਿਆ ਹੈ। ਪਰ ਉਨ੍ਹਾਂ ਦੇ ਅਜਿਹੇ ਅਨੁਭਵਾਂ ਦਾ ਬੁਨਿਆਦੀ ਤੇ ਸਮੁੱਚਾ ਪ੍ਰਗਟਾਵਾ ਆਪਣੇ ਇਸ਼ਟ ਪਰਮਾਤਮਾ ਅਤੇ ਮੁਰਸ਼ਦ ਪ੍ਰਤੀ ਪ੍ਰੇਮ ਭਾਵਾਂ ਨੂੰ ਅਪਣਾਉਣਾ ਤੇ ਕਾਵਿ-ਪ੍ਰਗਟਾਵੇ ਵਜੋਂ ਸਾਧਨਾ ਦੇ ਇਸ਼ਕੀਆ ਸਰੂਪ ਦੁਆਲੇ ਕੇਂਦਰਿਤ ਹੈ। ਸੋ ਪੰਜਾਬੀ ਸੂਫ਼ੀ ਕਾਵਿ-ਪ੍ਰੰਪਰਾ ਵਿਚ ਪ੍ਰਸਤੁਤ ਹੋਏ ਇਸ਼ਕ ਦੇ ਇਸ ਪ੍ਰਵਚਨ ਬਾਰੇ ਗੱਲ ਆਰੰਭਣ ਤੋਂ ਪਹਿਲਾਂ ਅਜਿਹੇ ਕਾਵਿ-ਪ੍ਰਵਚਨ ਦੀ ਸਿਰਜਣਾ ਦਾ ਆਧਾਰ ਬਨਣ ਵਾਲੇ ਸੂਫ਼ੀਆਂ ਦੁਆਰਾ ਅਪਣਾਏ ਜਾਂਦੇ ਇਸ਼ਕੀਆ ਸਾਧਨਾ ਵਿਵਹਾਰ ਬਾਰੇ ਵਿਚਾਰ ਕਰ ਲੈਣਾ ਯੋਗ ਹੋਵੇਗਾ। ਸਾਧਨਾ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਿਆਂ ਗੁਰਦਿਆਲ ਸਿੰਘ ਢਿੱਲੋਂ ਹੋਰੀਂ ਲਿਖਦੇ ਹਨ:

> "ਸਾਧਨਾ ਦਾ ਅਰਥ ਧਾਰਮਿਕ ਦ੍ਰਿਸ਼ਟੀ ਤੋਂ ਉਸ ਉਪਾਅ ਜਾਂ ਉੱਦਮ ਤੋਂ ਹੈ ਜਿਸ ਦੁਆਰਾ ਅਧਿਆਤਮਕ ਲਖਸ਼ ਦੀ ਪੂਰਤੀ ਜਾਂ ਬ੍ਰਹਮ ਦੀ ਪ੍ਰਾਪਤੀ ਹੋ ਸਕੇ। ਮਨੁੱਖੀ-ਜੀਵਨ ਦਾ ਪਰਮ ਮਨੋਰਥ ਉਸ ਦੈਵੀ ਜੋਤਿ ਨਾਲ

ਇਕਮਿਕਤਾ ਜਾਂ ਅਭੇਦਤਾ ਪ੍ਰਾਪਤ ਕਰਨਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਵਿਭਿੰਨ ਧਾਰਮਿਕ ਪ੍ਰਣਾਲੀਆਂ ਦੁਆਰਾ ਅਪਣਾਏ ਗਏ ਸਾਧਨ ਹੀ ਸਾਧਨਾ ਅਖਵਾਉਂਦੇ ਹਨ।"

'ਸ਼ਾਹ ਹੁਸੈਨ ਦਰਸ਼ਨ, ਸਾਧਨਾ ਤੇ ਕਲਾ', ਪੰਨਾ: 51

ਸੂਫ਼ੀਆਨਾ ਸਾਧਨਾ ਵਿਵਹਾਰ/ਪ੍ਰਬੰਧ ਦੇ ਪ੍ਰੇਮ/ਇਸ਼ਕ ਆਧਾਰਤ ਹੋਣ ਬਾਰੇ ਗੱਲ ਕਰਦਿਆਂ ਉਹ ਅੱਗੇ ਲਿਖਦੇ ਹਨ:

"ਸੂਫ਼ੀ ਸਾਧਨਾ ਪ੍ਰੇਮ-ਮਈ ਸਾਧਨਾ ਹੈ। ਸੂਫ਼ੀਮਤ ਅਤੇ 'ਪ੍ਰੇਮ' ਪ੍ਰਯਾਯਵਾਚੀ ਸ਼ਬਦ ਪ੍ਰਤੀਤ ਹੁੰਦੇ ਹਨ।"

ਉਹੀ, ਪੰਨਾ: 51-52

ਇਸਦੇ ਨਾਲ ਹੀ ਪ੍ਰੋ. ਢਿੱਲੋਂ ਹੋਰਾਂ ਪੱਛਮੀ ਵਿਦਵਾਨਾਂ ਦੇ ਹਵਾਲੇ ਨਾਲ ਲਿਖਿਆ ਹੈ:

"ਇਸੇ ਕਰਕੇ ਹੀ ਪੱਛਮੀ ਵਿਦਵਾਨ ਸੂਫ਼ੀ ਰਹੱਸਵਾਦ ਨੂੰ ਪ੍ਰੇਮ-ਮਈ ਰਹੱਸਵਾਦ ਦੀ ਸੰਗਿਆ ਦਿੰਦੇ ਹਨ।"

ਉਹੀ, ਪੰਨਾ: 52

ਗੁਰਦਿਆਲ ਸਿੰਘ ਢਿੱਲੋਂ ਹੋਰਾਂ ਦੁਆਰਾ ਉਦਰਿਤ ਕੀਤਾ ਡਾ. ਦੀਵਾਨ ਸਿੰਘ ਦਾ ਕਥਨ ਵੀ ਇਸ ਦੀ ਪੁਸ਼ਟੀ ਕਰਦਾ ਹੈ:

"ਸੂਫ਼ੀਆਂ ਦਾ ਰਾਹ ਇਸ਼ਕ ਦਾ ਰਾਹ ਹੈ, ਸਾਧਨਾ ਕੇਵਲ ਇਸ਼ਕ ਦਾ ਸਾਧਨ ਹੈ।"

ਉਹੀ, ਪੰਨਾ: 52

ਪ੍ਰੇਮ ਅਧਾਰਤ ਸਾਧਨਾ ਵਾਲਾ ਇਹ ਸੂਫ਼ੀਆਨਾ ਇਸ਼ਕੀਆ ਵਿਵਹਾਰ ਸਮੁੱਚੀ ਸੂਫ਼ੀ ਕਾਵਿ-ਪ੍ਰੰਪਰਾ ਅੰਦਰ ਆਪਣੇ ਦੋਹਾਂ ਰੂਪਾਂ ਭਾਵ ਇਸ਼ਕ ਹਕੀਕੀ ਤੇ ਇਸ਼ਕ ਮਿਜਾਜ਼ੀ ਦੇ ਤੌਰ 'ਤੇ ਕਾਵਿ-ਪ੍ਰਵਚਨ ਵਜੋਂ ਅਭਿਵਿਅਕਤੀ ਪ੍ਰਾਪਤ ਕਰਦਾ ਹੈ। ਉਨ੍ਹਾਂ ਦੇ ਅਜਿਹੀ ਇਸ਼ਕ ਦੀ ਅਭਿਵਿਅਕਤੀ ਰੱਬ/ਪਰਮਾਤਮਾ ਅਤੇ ਮੁਰਸ਼ਦ/ ਗੁਰੂ ਦੋਹਾਂ ਲਈ ਹੈ। ਇਸ ਬਾਰੇ ਗੱਲ ਕਰਦਿਆਂ ਗੁਰਦਿਆਲ ਸਿੰਘ ਢਿਲੋਂ ਨੇ ਲਿਖਿਆ ਹੈ:

"ਸੂਫ਼ੀ ਦਾ ਹਕੀਕੀ ਇਸ਼ਕ ਰੱਬ ਨਾਲ ਹੈ ਤੇ ਮਜਾਜ਼ੀ ਇਸ਼ਕ ਗੁਰੂ ਨਾਲ। ਇਸ ਕਾਰਨ ਹੀ ਸੂਫ਼ੀਮਤ ਵਿਚ ਪੀਰ ਅਤੇ ਮੁਰਸ਼ਿਦ ਦੇ ਪਵਿਤਰ ਰਿਸ਼ਤੇ ਉੱਤੇ ਬੜਾ ਜ਼ੋਰ ਦਿੱਤਾ ਗਿਆ ਹੈ। ... ... ਇਕ ਪਾਸੇ ਤਾਂ ਗੁਰੂ ਸਾਧਕ ਨੂੰ ਸੰਸਾਰ ਦੇ ਮੋਹ ਮਾਇਆ ਤੋਂ ਛੁਟਕਾਰਾ ਦਿਵਾਉਂਦਾ ਹੈ ਤੇ ਦੂਜੇ ਪਾਸੇ ਉਸਦੇ ਮਨ ਵਿਚ ਇਸ਼ਕ ਦੀ ਚੰਗਿਆੜੀ ਵੀ ਬਾਲ ਦੇਂਦਾ ਹੈ।"

ਉਹੀ, ਪੰਨਾ: 67

ਸੂਫ਼ੀਆਨਾ ਸਾਧਨਾ ਵਿਚ ਸਾਧਕ ਦੁਆਰਾ ਆਪਣੇ ਇਸ਼ਟ ਰੱਬ/ਅੱਲ੍ਹਾ ਜਾਂ ਪਰਮਾਮਤਮਾ ਅਤੇ ਮੁਰਸ਼ਦ/ਗੁਰੂ ਜਾਂ ਪੀਰ ਪ੍ਰਤੀ ਪ੍ਰੇਮ/ਇਸ਼ਕੀਆ ਭਾਵਾਂ ਨੂੰ ਅਪਣਾਉਣਾ ਅਤੇ ਆਪਣੇ ਸਾਧਨਾ ਅਨੁਭਵਾਂ ਦੀ ਕਾਵਿ-ਪ੍ਰਵਚਨ ਵਜੋਂ ਅਭਿਵਿਅਕਤੀ ਦੌਰਾਨ ਇਨ੍ਹਾਂ ਨੂੰ ਸੰਚਾਰਨ ਦੀ ਰੀਤ ਬਾਰੇ ਗੱਲ ਕਰਦਿਆਂ ਗੁਰਦਿਆਲ ਸਿੰਘ ਢਿਲੋਂ ਹੋਰੀਂ ਲਿਖਦੇ ਹਨ:

"ਸੂਫ਼ੀਮਤ ਵਿਚ ਇਸ਼ਕ ਦਾ ਸੰਬੋਧ ਬੜਾ ਵਿਸ਼ਾਲ, ਸੂਖਮ ਤੇ ਗੰਭੀਰ ਹੈ। ਸੂਫ਼ੀਮਤ ਦਾ ਕੇਂਦਰ ਜਾਂ ਆਧਾਰ ਇਸ਼ਕ ਹੈ, ਉਹ ਇਬਾਦਤ ਨਾਲੋਂ ਇਸ਼ਕ ਦੀ ਵਰਤੋਂ ਵਧੇਰੇ ਕਰਦੇ ਹਨ।"

ਉਹੀ, ਪੰਨਾ: 74

ਸੋ ਸੂਫ਼ੀਆਨਾ ਸਾਧਨਾ ਵਿਵਹਾਰ/ਪ੍ਰਬੰਧ ਨਾਲ ਸਬੰਧਤ ਅਜਿਹੇ ਇਸ਼ਕੀਆ ਭਾਵਾਂ ਨੂੰ ਕਾਵਿ-ਪ੍ਰਵਚਨ ਵਜੋਂ ਸੰਚਾਰਨ ਵਾਲੀ ਅਭਿਵਿਅਕਤੀ ਇਸ ਪ੍ਰੰਪਰਾ ਦੇ ਮੁੱਢਲੇ ਸੂਫ਼ੀ ਸ਼ਾਇਰ ਬਾਬਾ ਸ਼ੇਖ ਫ਼ਰੀਦ ਦੇ ਕਾਵਿ-ਪਾਠਾਂ ਰਾਹੀਂ ਹੀ ਸਾਹਮਣੇ ਆ ਜਾਂਦੀ ਹੈ। ਇਸ਼ਕੀਆ ਭਾਵਾਂ ਨੂੰ ਕਾਵਿ-ਪ੍ਰਵਚਨ ਵਜੋਂ ਸੰਚਾਰਦਾ ਉਸਦਾ ਕਾਵਿ-ਪਾਠ ਕੁਝ ਇਉਂ ਹੈ:

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤਾਂ ਤੁਟੈ ਨੇਹੁ॥ ਸ਼ਲੋਕ ਨੰ: 24
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨ੍ਹਾ ਸਜਣਾ ਤੁਟਉ ਨਾਹੀ ਨੇਹੁ॥ ਸ਼ਲੋਕ ਨੰ: 25

ਭਾਵੇਂ ਕਿ ਸ਼ੇਖ ਫ਼ਰੀਦ ਦੇ ਕਾਵਿ-ਪਾਠ ਦੀ ਸਮੁੱਚੇ ਅਭਿਵਿਅਕਤੀ ਅਦ੍ਰਿਸ਼ਟ ਰੱਬ ਜਾਂ ਅੱਲ੍ਹਾ ਕੇਂਦਰਿਤ ਹੈ ਪਰ ਉਸ ਦੁਆਰਾ ਪ੍ਰੇਮ ਭਾਵਾਂ ਦੇ ਪ੍ਰਗਟਾਵੇ ਲਈ ਵਰਤੇ 'ਪਿਆਰੇ', 'ਸੱਜਣ', 'ਸਾਂਈ', ਜਾਂ 'ਸਾਹਿਬ' ਆਦਿ ਚਿਹਨ ਅਜਿਹੇ ਭਾਵਾਂ ਦੀ ਦੇਹਧਾਰੀ ਮੁਰਸ਼ਦ ਪ੍ਰਤੀ ਪ੍ਰਗਟਾਵੇ ਦੀ ਸੰਭਵਤਾ ਵਾਲੇ ਵੀ ਹਨ। ਇਹ ਚਿਹਨ ਰੱਬ ਅਤੇ ਮੁਰਸ਼ਦ ਦੀ ਦੋਹਰਤਾ ਤੇ ਹਾਜ਼ਰੀ ਦੀ ਸੰਭਵਤਾ ਨੂੰ ਆਪਣੇ ਵਿਚ ਸਮਾਏ ਹੋਏ ਹਨ।

ਇਸ ਪ੍ਰਕਾਰ ਸ਼ੇਖ ਫ਼ਰੀਦ ਕਾਵਿ-ਪਾਠ ਵਿਚ ਸਾਧਨਾ ਦੇ ਇਸ਼ਕੀਆ ਸਰੂਪ/ਪ੍ਰਬੰਧ ਨੂੰ ਕਾਵਿ-ਪ੍ਰਵਚਨ ਵਜੋਂ ਸੰਚਾਰਦਿਆਂ ਇਸ਼ਕੀਆ ਭਾਵਾਂ ਦੇ ਪਰਮਾਤਮਾ ਅਤੇ ਮੁਰਸ਼ਦ ਦੋਹਾਂ ਪ੍ਰਤੀ ਹੋਣ ਦੀ ਦੋਹਰੇਪਣ ਵਾਲੀ ਸੰਭਾਵਨਾ ਦਰਸਾਉਂਦੇ ਚਿਹਨਾਂ/ਪ੍ਰਤੀਕਾਂ ਦੀ ਅਜਿਹੀ ਵਰਤੋਂ ਤੋਂ ਸਪਸ਼ਟ ਹੁੰਦਾ ਹੈ ਕਿ ਜਿਥੇ ਵੀ ਰੱਬ/ਅੱਲ੍ਹਾ ਜਾਂ ਪਰਮਾਤਮਾ ਦੇ ਨਾਲ-ਨਾਲ ਦੇਹਧਾਰੀ ਮੁਰਸ਼ਦ/ਸਤਿਗੁਰ ਜਾਂ ਪੀਰ ਪ੍ਰਤੀ ਪ੍ਰੇਮ ਭਾਵ ਅਪਣਾਉਣ ਦੀ ਗੱਲ ਹੈ ਉਥੇ ਸਾਧਨਾ ਵਿਵਹਾਰ ਵਿਚ ਇਸ਼ਕ ਹਕੀਕੀ ਦੇ ਨਾਲ-ਨਾਲ ਇਸ਼ਕ ਮਿਜਾਜ਼ੀ ਵਾਲੀ ਕੁਝ ਨਾ ਕੁਝ ਚੱਸ ਤਾਂ ਆ ਹੀ ਜਾਂਦੀ ਹੈ। ਕਿਉਂਕਿ ਜਿੱਥੇ ਵੀ ਆਸ਼ਕ ਤੇ ਮਾਸ਼ੂਕ ਜਾਂ ਇਸ਼ਟ ਤੇ ਸਾਧਕ ਆਦਿ ਦੋ ਦੇਹਧਾਰੀਆਂ ਦਰਮਿਆਨ ਪ੍ਰੇਮ ਪੂਰਨ ਰਵੱਈਆ ਹੋਵੇਗਾ ਉਥੇ ਹੀ ਇਸ਼ਕ ਹਕੀਕੀ ਦੀ ਪ੍ਰਤੱਖਤਾ ਦੇ ਪਿਛਵਾੜੇ ਇਸ਼ਕ ਮਿਜਾਜ਼ੀ ਦੀ ਰੰਗਣ ਵੀ ਜਰੂਰ ਮੌਜੂਦ ਹੋਵੇਗੀ। ਇਵੇਂ ਜਿਥੋਂ ਤੱਕ ਇਸ਼ਕ ਮਿਜਾਜ਼ੀ ਤੇ ਮੁਰਸ਼ਦ ਦੀ ਹਸਤੀ ਦਾ ਸਬੰਧ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਜਿਥੇ ਵੀ ਕਿਸੇ ਦੇਹਧਾਰੀ ਭਾਵ ਸਾਧਕ ਦੁਆਰਾ ਕਿਸੇ ਦੂਸਰੇ ਦੇਹਧਾਰੀ ਵੱਲ ਇਸ਼ਕੀਆ ਭਾਵਾਂ ਦੀ ਪ੍ਰਤੀਤੀ ਹੁੰਦੀ ਹੈ ਤਾਂ ਉਥੇ ਬੇਸ਼ਕ ਇਸ਼ਕ ਹਕੀਕੀ ਦੀ ਮੌਜੂਦਗੀ ਤਾਂ ਆਵੱਸ਼ ਹੈ ਪਰ ਨਾਲ ਹੀ ਇਸ਼ਕ ਮਿਜਾਜ਼ੀ ਦੀ ਸੰਭਾਵਨਾ ਵੀ ਹਾਜ਼ਰ

ਰਹਿੰਦੀ ਹੈ। ਇਸ ਪ੍ਰਕਾਰ ਆਸ਼ਕ ਤੇ ਮਾਸ਼ੂਕ ਜਾਂ ਇਸ਼ਟ/ਮੁਰਸ਼ਦ ਤੇ ਸਾਧਕ ਦੋਹਾਂ ਦੇ ਦੇਹਧਾਰੀ ਹੁੰਦਿਆਂ ਉਨ੍ਹਾਂ ਦਰਮਿਆਨ ਇਸ਼ਕੀਆ ਭਾਵਾਂ ਦੀ ਪ੍ਰਤੀਤੀ ਹੋਣਾ ਹੀ ਇਸ਼ਕ ਹਕੀਕੀ ਦੇ ਪਿਛੋਕੜ ਵਿਚ ਮਿਜਾਜ਼ੀ ਇਸ਼ਕ ਦੀ ਮੌਜੂਦਗੀ ਨੂੰ ਵੀ ਦਰਸਾਉਂਦਾ ਹੈ। ਪਰ ਇਥੇ ਸ਼ੇਖ ਫ਼ਰੀਦ ਕਾਵਿ-ਪ੍ਰਵਚਨ ਵਿਚਲਾ ਇਸ਼ਕ ਪ੍ਰੰਪਰਾਗਤ ਇਸਲਾਮੀ ਸ਼ਰ੍ਹਈ ਪ੍ਰਬੰਧ ਦੇ ਦਾਇਰੇ ਵਿਚ ਵਿਚਰਨ ਵਾਲਾ ਹੀ ਹੈ ਨਾ ਕਿ ਪਿਛਲੇਰੇ ਸੂਫ਼ੀ ਸ਼ਾਇਰਾਂ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੇ ਖ਼ਵਾਜਾ ਗ਼ੁਲਾਮ ਫ਼ਰੀਦ ਦੇ ਕਾਵਿ-ਪ੍ਰਵਚਨ ਵਾਂਗ ਖੁੱਲਮ-ਖੁੱਲੇ ਇਸ਼ਕ ਮਿਜਾਜ਼ੀ ਦੇ ਇਜ਼ਹਾਰ ਨੂੰ ਸੰਚਾਰਨ ਵਾਲਾ ਹੈ।

ਭਾਵੇਂ ਕਿ ਸਮੁੱਚੀ ਸੂਫ਼ੀ ਕਾਵਿ-ਪ੍ਰੰਪਰਾ ਵਿਚਲੇ ਵਿਭਿੰਨ ਕਾਵਿ-ਪਾਠਾਂ ਤੇ ਇਨ੍ਹਾਂ ਵਿਚਲੀ ਪ੍ਰਤੀਕ ਯੋਜਨਾ ਦਾ ਅਸਲ ਮਨੋਰਥ ਸਾਧਕ ਦੁਆਰਾ ਪ੍ਰਮਾਤਮਾ ਨਾਲ ਵਸਲ ਪ੍ਰਾਪਤੀ ਦੇ ਮਨੋਰਥ ਨੂੰ ਧਿਆਨ ਵਿਚ ਰੱਖਦਿਆਂ ਖੁਦ ਵਲੋਂ ਅਪਨਾਏ ਸਾਧਨਾ ਵਿਵਹਾਰ ਦੌਰਾਨ ਸਵੈ ਅੰਦਰ ਉਪਜਦੇ ਇਸ਼ਕੀਆ ਭਾਵਾਂ ਨੂੰ ਪਰਮਾਤਮਾ ਵੱਲ ਇਸ਼ਕ ਹਕੀਕੀ ਦੇ ਤੌਰ 'ਤੇ ਸੰਚਾਰਨ ਵਜੋਂ ਹੀ ਹੈ। ਉਨ੍ਹਾਂ ਦਾ ਇਹ ਇਸ਼ਕ ਹਕੀਕੀ ਸਾਧਨਾ ਵਿਵਹਾਰ ਲਈ ਜ਼ਰੂਰੀ ਤੌਰ ਤੇ ਲੋੜੀਂਦੇ 'ਮੁਰਸ਼ਦ' ਦੀ ਵਿਚੋਲਗੀ ਵਾਲਾ ਵੀ ਹੈ ਅਤੇ ਮੁਰਸ਼ਦ ਦੇ ਦੇਹਧਾਰੀ ਹੋਣ ਕਾਰਨ ਉਸ ਲਈ ਵਰਤੇ ਇਤਿਹਾਸਕ-ਮਿਥਿਹਾਸਕ ਤੇ ਲੋਕਧਰਾਈ ਪ੍ਰਤੀਕਾਂ ਰਾਂਝਣ, ਪੁੰਨੂੰ, ਰਾਮ, ਸ਼ਾਮ, ਸਾਂਈ, ਕੰਤ, ਪਿਰ, ਸ਼ਹੁ, ਯੂਸਫ, ਪੁੱਨਲ, ਯਾਰ ਆਦਿ ਦੇ ਮਨੁੱਖਾ ਦੇਹੀ ਰੂਪ ਹੋਣ ਵਜੋਂ ਇਸ਼ਕ ਮਿਜਾਜ਼ੀ ਦੀ ਰੰਗਣ ਵਾਲਾ ਵੀ ਹੈ।

ਸੋ ਰੱਬ ਜਾਂ ਪਰਮਾਤਮਾ ਵੱਲ ਸਿੱਧੇ ਤੌਰ 'ਤੇ ਸੰਬੋਧਿਤ ਹੁੰਦਿਆਂ ਪ੍ਰੇਮ ਭਾਵਾਂ ਦੀ ਇਸ਼ਕ ਹਕੀਕੀ ਵਜੋਂ ਕੀਤੀ ਕਾਵਿ-ਅਭਿਵਿਅਕਤੀ ਰਾਹੀਂ ਇਸ਼ਕ ਦੇ ਇਕ ਪ੍ਰਵਚਨ ਵਜੋਂ ਸੰਚਾਰਿਤ ਹੋਣ ਦੇ ਨਾਲ ਹੀ ਵੱਖ-ਵੱਖ ਪ੍ਰਤੀਕਾਂ ਰਾਹੀਂ ਮੁਰਸ਼ਦ ਵੱਲ ਇਸ਼ਕ ਮਿਜਾਜ਼ੀ ਦੀ ਰੰਗਤ ਵਾਲੀ ਕਾਵਿ-ਅਭਿਵਿਅਕਤੀ ਵੀ ਸਮੁੱਚੀ ਸੂਫ਼ੀ ਕਾਵਿ-ਪ੍ਰੰਪਰਾ ਅੰਦਰ ਇਸ਼ਕ ਨੂੰ ਇਕ ਪ੍ਰਵਚਨ ਵਜੋਂ ਸੰਚਾਰਿਤ ਕਰਦੀ ਹੈ। ਇਸ਼ਕ ਦੇ ਇਕ ਪ੍ਰਵਚਨ ਵਜੋਂ ਸੰਚਾਰਿਤ ਤੇ ਉਜਾਗਰ ਹੋਣ ਨੂੰ ਕਾਵਿ-ਪ੍ਰੰਪਰਾ ਵਿਚਲੇ ਵਿਭਿੰਨ ਸ਼ਾਇਰਾਂ ਦੇ ਕਾਵਿ-ਪਾਠਾਂ ਵਿਚੋਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਇਸ ਸਬੰਧੀ ਸਭ ਤੋਂ ਪਹਿਲੀ ਨਜ਼ਰ ਸ਼ੇਖ ਫ਼ਰੀਦ ਦੇ ਸਭ ਤੋਂ ਨੇੜਲੇ ਪਿੱਠਵਰਤੀ ਕਵੀ ਸ਼ਾਹ ਹੁਸੈਨ ਦੇ ਕਲਾਮ ਤੇ ਮਾਰਦੇ ਹਾਂ:

> ਮੇਰੀ ਤੇ ਮਾਹੀ ਦੀ ਪਰੀਤਿ ਚਰੋਕੀ, ਜਾਂ ਸਿਰਿ ਆਹੇ ਨਾ ਛੱਤੇ
> ਕਹੇ ਹੁਸੈਨ ਫ਼ਕੀਰ ਨਿਮਾਣਾ, ਨੈਨ ਸਾਂਈ ਨਾਲ ਰੱਤੇ॥ ਕਾਫੀ ਨੰ: 96
> ਸੇਈ ਭਲੀਆਂ ਜੋ ਰੱਬੁ ਵਲ ਆਈਆਂ, ਜਿਨ੍ਹਾਂ ਨੂੰ ਇਸ਼ਕ ਚਰੋਕਾ ਵੇ ਲੋਕਾ॥
> ਕਾਫੀ ਨੰ: 5

ਸ਼ੇਖ ਫ਼ਰੀਦ ਤੇ ਸ਼ਾਹ ਹੁਸੈਨ ਕਾਵਿ ਵਿਚ ਇਸ਼ਕ ਜਾਂ ਇਸ਼ਕੀਆ ਭਾਵਾਂ ਦੇ ਇਕ ਪ੍ਰਵਚਨ ਵਜੋਂ ਸੰਚਾਰਿਤ ਹੋਣ ਦੀ ਪਲੇਠੀ ਵੱਖਰਤਾ ਇਹ ਹੈ ਕਿ ਸ਼ਾਹ ਹੁਸੈਨ ਕਾਵਿ ਵਿਚ ਇਹ ਅਭਿਵਿਅਕਤੀ ਸ਼ਰ੍ਹਈ ਪ੍ਰਬੰਧ ਦੇ ਦਾਇਰੇ ਤੋਂ ਆਜ਼ਾਦ ਰਹਿ ਕੇ ਹੋਈ ਹੈ। ਸ਼ਾਹ ਹੁਸੈਨ ਦਾ ਸਮੁੱਚਾ ਕਾਵਿ-ਪ੍ਰਵਚਨ ਕੇਵਲ ਸਾਧਨਾ ਦੇ ਇਸ਼ਕੀਆ ਰੂਪ/ਪ੍ਰਬੰਧ ਦੁਆਲੇ ਕੇਂਦਰਤ ਹੈ ਤੇ ਸਮੁੱਚੇ ਸਾਧਨਾ ਵਿਵਹਾਰ ਦੇ ਇਸ ਇਸ਼ਕੀਆ ਪ੍ਰਬੰਧ ਦੁਆਲੇ ਕੇਂਦਰਤ ਹੋਣ ਸਬੰਧੀ ਉਸਦੇ ਕਾਵਿ ਵਿਚ ਹੋਈ ਅਭਿਵਿਅਕਤੀ ਹੀ ਇਸ਼ਕ ਨੂੰ ਉਸਦੇ ਸਮੁੱਚੇ ਕਾਵਿ-ਪ੍ਰਵਚਨ ਵਿਚ ਇਕ ਪ੍ਰਵਚਨ ਵਜੋਂ ਸੰਚਾਰਿਤ ਕਰਦੀ ਹੈ। ਸਾਧਨਾ ਦੇ ਇਸ਼ਕੀਆ ਵਿਵਹਾਰ ਸਬੰਧੀ ਉਸਦਾ ਕਾਵਿ-ਪ੍ਰਗਟਾਵਾ ਖੁੱਲਮ-ਖੁੱਲਾ ਤੇ ਸ਼ਰ੍ਹਈ ਪ੍ਰਬੰਧ ਦੀਆਂ ਵਰਜਣਾਵਾਂ ਤੋਂ ਆਜਾਦ ਹੈ। ਅਸਲ ਵਿਚ ਸੂਫ਼ੀ ਸਾਧਕ ਲਈ ਸਾਧਨਾ ਦੇ ਸ਼ਰ੍ਹਈ ਪ੍ਰਬੰਧ ਨੂੰ ਅਪਣਾਉਣ ਦੀ ਲਾਜ਼ਮੀਅਤਾ ਬਾਰੇ ਨਾ ਤਾਂ ਉਹ ਸ਼ੇਖ ਫ਼ਰੀਦ ਵਾਂਗ ਖੁਲ ਕੇ ਪ੍ਰੋੜਤਾ ਕਰਦਾ ਹੈ ਅਤੇ ਨਾ ਹੀ ਪਿਛਲੇਰੇ ਕਵੀ ਬੁੱਲ੍ਹੇ ਸ਼ਾਹ ਤੇ ਗ਼ੁਲਾਮ ਫ਼ਰੀਦ ਵਾਂਗ ਇਸਨੂੰ ਭੰਡਦਿਆਂ ਸਾਧਨਾ ਵਿਵਹਾਰ ਵਿਚੋਂ ਬਿਲਕੁਲ ਖਾਰਜ ਕਰ ਦੇਣ ਬਾਰੇ ਜ਼ੋਰ ਦਿੰਦਾ ਹੈ। ਸਗੋਂ ਉਹ ਸਾਧਨਾ ਦੇ ਅਜਿਹੇ ਵਿਧਾਨ ਬਾਰੇ ਲਗਭਗ ਖਾਮੋਸ਼ੀ ਅਪਨਾਈ ਰੱਖਦਾ ਤੇ ਇਸ ਬਾਰੇ ਜਿਆਦਾ ਗੱਲ ਨਾ ਕਰਦਿਆਂ ਸਗੋਂ ਆਪਣਾ ਸਮੁੱਚਾ ਕਾਵਿ-ਪ੍ਰਗਟਾਵਾ ਇਸ਼ਕ ਨੂੰ ਸਾਧਨਾ ਵਿਵਹਾਰ ਦੇ ਕੇਂਦਰ ਵਜੋਂ ਉਭਾਰਨ ਤੇ ਸਥਾਪਿਤ ਕਰਨ ਲਈ ਕਰਦਾ ਹੈ। ਭਾਵੇਂ ਕਿ ਉਸਨੇ ਪ੍ਰੰਪਰਾਮਈ ਸ਼ਰ੍ਹਈ ਵਿਧਾਨ ਵਾਲੇ ਰਸਤੇ ਤੇ ਚੱਲਣ ਨੂੰ ਵਿਸਾਰ ਦੇਣ ਸਬੰਧੀ ਕੁਝ ਸੰਕੇਤ ਕੀਤੇ ਹਨ ਪਰ ਉਹ ਇਸ ਵਿਧਾਨ ਨੂੰ ਖੁੱਲ੍ਹੇ ਤੌਰ ਤੇ ਭੰਡਦਾ ਨਹੀਂ ਹੈ। ਇਸ ਸਬੰਧੀ ਉਸਦਾ ਕਾਵਿ-ਪ੍ਰਗਟਾਵਾ ਕੁਝ ਇਉਂ ਦੇਖਿਆ ਜਾ ਸਕਦਾ ਹੈ:

> ਕਾਜ਼ੀ ਮੁੱਲਾਂ ਮੱਤੀ ਦੇਂਦੇ। ਖਰੇ ਸਿਆਣੇਂ ਰਾਹਿ ਦਸੇਂਦੇ।
> ਇਸ਼ਕ ਕੀ ਲੱਗੇ ਰਾਹਿ ਨਾਲ। ੧। ਕਾਫੀ ਨੰ: 120
> ਉਥੇ ਹੋਰ ਨਾ ਕਾਇ ਕਬੂਲ ਮੀਆਂ, ਗਲਿ ਨੇਂਹੁ ਦੀ । ੧। ਰਹਾਉ। ਕਾਫੀ ਨੰ: 113

ਇਵੇਂ ਉਸਦੀ ਸਮੁੱਚੀ ਕਾਵਿ-ਅਭਿਵਿਅਕਤੀ ਸਾਧਨਾ ਦੇ ਇਸ਼ਕੀਆ ਸਰੂਪ ਨੂੰ ਹੀ ਕੇਂਦਰੀਕ੍ਰਿਤ ਕਰਦੀ ਦਿਖਾਈ ਦਿੰਦੀ ਹੈ। ਚਾਹੇ ਉਹ ਪ੍ਰਤੱਖ ਤੌਰ ਤੇ ਪਰਮਾਤਮਾ ਨੂੰ ਸੰਬੋਧਿਤ ਹੁਦਿਆਂ ਇਸ਼ਕ ਹਕੀਕੀ ਜਾਂ ਫਿਰ ਸਿੱਧੇ 'ਮੁਰਸ਼ਦ' ਜਾਂ ਹੋਰ ਇਤਿਹਾਸਕ-ਮਿਥਿਹਾਸਕ ਤੇ ਲੋਕਧਰਾਈ ਪ੍ਰਤੀਕਾਂ ਰਾਹੀਂ ਇਸ਼ਕ ਮਿਜਾਜ਼ੀ ਦੀ ਰੰਗਤ ਵਾਲੀ ਹੋਵੇ। ਉਸਦੇ ਕਾਵਿ ਦੇ ਪ੍ਰਵਚਨ ਵਿਸ਼ਲੇਸ਼ਣ ਤੋਂ ਪਹਿਲੀ ਗੱਲ ਤਾਂ ਇਹ ਉਭਰਦੀ ਹੈ ਕਿ ਉਹ ਪਰਮਾਤਮਾ ਤੇ ਆਤਮਾ ਦਰਮਿਆਨ ਉਪਜਦੇ ਇਸ਼ਕ ਨੂੰ ਮੁੱਢ ਕਦੀਮੀ ਤੇ ਚਰੋਕਾ ਸਮਝਦਾ ਹੈ। ਜੇ ਨੀਝ ਨਾਲ ਦੇਖੀਏ ਤਾਂ ਉਸ ਮਿੱਥ ਨਾਲ ਜਾ ਜੁੜਦਾ ਹੈ ਜਦੋਂ ਪਰਮਾਤਮਾ ਨੇ ਸ੍ਰਿਸ਼ਟੀ ਦੀ ਸਾਜਨਾ ਕੀਤੀ ਤੇ ਰੂਹਾਂ ਨੂੰ ਆਪਣੇ ਵਡੇਰੇ/ਪਰਮ ਅੰਸ਼ ਤੋਂ ਵੱਖਰਿਆਂ ਕੀਤਾ। ਜਿਸ ਤੋਂ ਵਿਜੋਗ ਤੇ ਬਿਰਹੋਂ ਉਤਪੰਨ ਹੋਈ ਤੇ ਇਹੀ ਅੱਗੋਂ ਰੂਹ ਜਾਂ ਜੀਵ ਦੇ ਸਵੈ ਅੰਦਰ ਇਸ਼ਕ ਨੂੰ ਪ੍ਰਜਵਲਤ ਕਰੀ ਰੱਖਦੇ ਹਨ। ਸੋ ਸ਼ਾਹ ਹੁਸੈਨ ਦਾ ਸਮੁੱਚਾ ਕਾਵਿ-ਪ੍ਰਵਚਨ ਬਿਰਹੋਂ ਦੀ ਰਲਗੱਡਤਾ ਵਾਲੇ ਇਸੇ ਇਸ਼ਕੀਆ ਪ੍ਰਵਚਨ ਦੁਆਲੇ ਕੇਂਦਰਤ ਹੋ ਕੇ ਸੰਚਾਰਿਤ ਹੁੰਦਾ ਹੈ। ਇਸੇ ਕਾਰਨ ਆਪਣੇ ਸਵੈ ਤੇ ਉਸ ਤੋਂ ਪਾਰ ਜਾਂਦਿਆਂ ਜਨ ਸਮੂਹ ਨੂੰ ਸਾਧਨਾ ਦੇ ਇਸ਼ਕੀਆ ਵਿਵਹਾਰ ਪ੍ਰਤੀ ਚੇਤੰਨ ਕਰਨ ਦੇ ਨਜ਼ਰੀਏ ਤੋਂ ਉਹ ਇਸ਼ਕ ਨੂੰ ਇਕ ਪ੍ਰਵਚਨ ਵਜੋਂ ਸੰਚਾਰਦਿਆਂ ਕਹਿੰਦਾ ਹੈ:

> ਆਸ਼ਕ ਹੋਵੇਂ ਤਾਂ ਇਸ਼ਕ ਕਮਾਵੇਂ, ਰਾਹ ਇਸ਼ਕ ਦਾ ਸੂਈ ਦਾ ਨੱਕਾ
> ਤਾਗਾ ਹੋਵੇਂ ਤਾਂ ਜਾਵੇਂ । ੧। ਕਾਫੀ ਨੰ: 11

ਇਸ਼ਕੇ ਦੀ ਸਿਰ ਖਾਰੀ ਚਾਈਆ, ਦਰ ਦਰ ਦੇਨੀਆਂ ਹੋਕਾ ਵੇ ਲੋਕਾ।
ਕਹੈ ਹੁਸੈਨ ਫ਼ਕੀਰ ਸਾਂਈ ਦਾ, ਲੱਧਾ ਹੀ ਪ੍ਰੇਮ ਚਰੋਖਾ ਵੇ ਲੋਕਾ॥ ਕਾਫੀ ਨੰ: 8
ਮੈਂਡੀ ਦਿਲ ਤੈਂਡੇ ਨਾਲ ਲਗੀ, ਤੋੜੀ ਨਹੀਂ ਤੁਟਦੀ ਛੜੀ ਨਹੀਂ ਛੁਟਦੀ,
ਕਲਮ ਰਬਾਨੀ ਵਗੀ। ਕਾਫੀ ਨੰ: 18
ਦਿਲ ਮੇਰੇ ਵਿਚਿ ਏਹੋ ਗੁਜਰੀ, ਮੈਂ ਸਚੇ ਸੌ ਨੇਹੁੰ ਲਾਈ। ਕਾਫੀ ਨੰ: 66

ਤੇ ਉਸਦਾ ਇਸ਼ਕ ਅਜਿਹਾ ਹੈ ਜਿਥੇ ਸਭ ਗਮ ਮੁੱਕ ਜਾਂਦੇ ਹਨ:
ਇਸ਼ਕ ਚਉਬਾਰੇ ਪਾਈਓ ਝਾਤੀ, ਹੁਣ ਤੈਨੂੰ ਗ਼ਮ ਕੇਹਾ। ਕਾਫੀ ਨੰ: 49

ਪਰ ਉਹ ਸਾਧਨਾ ਲਈ ਇਸ਼ਕੀਆ ਵਿਵਹਾਰ ਨੂੰ ਅਪਣਾਉਣ ਦੇ ਇਸ ਕਾਰਜ ਨੂੰ ਏਨਾ ਆਸਾਨ ਵੀ ਨਹੀਂ ਸਮਝਦਾ। ਉਸਦਾ ਕਥਨ ਹੈ:

ਦਰ ਮੈਦਾਨ ਮੁਹਬਤ ਜਾਤੀ, ਸਹਿਲ ਨਹੀਂ ਉਥੇ ਪਾਵਨ ਝਾਤੀ।
… … … … … … … … … … … … … … … …
ਅਸਲੀ ਇਸ਼ਕ ਮਿੱਤਰਾਂ ਦਾ ਏਹਾ, ਪਹਿਲੇ ਮਾਰ ਮੁਕਾਵਨ ਦੇਹਾ।
ਸਹਲ ਨਹੀਂ ਉਥੈ ਲਾਵਨ ਨੇਹਾ, ਜੇ ਲਾਇਓ ਤਾਂ ਕਿਸੇ ਨਾ ਕਹੁ ਵੋ। ਕਾਫੀ ਨੰ: 45
ਇਸ਼ਕ ਮੁਹੱਬਤ ਸੇਈ ਜਾਣਨਿ, ਪਈ ਜਿਨ੍ਹਾਂ ਦੇ ਹਡਿ ਵੇ ਅੜਿਆ। ਕਾਫੀ ਨੰ: 13

ਤੇ 'ਸੱਜਣ' ਦੇ ਪ੍ਰਤੀਕ ਦੁਆਰਾ ਪਰਮਾਤਮਾ ਦੇ ਨਾਲ-ਨਾਲ ਸੰਭਵਤਾ ਆਪਣੇ 'ਮੁਰਸ਼ਦ' ਵੱਲ ਪ੍ਰੇਮ ਭਾਵਾਂ ਨੂੰ ਪ੍ਰਵਚਨ ਵਜੋਂ ਪ੍ਰਗਟਾਉਂਦਾ ਹੁਸੈਨ ਕਹਿੰਦਾ ਹੈ:

ਬਾਝੂੰ ਸਜਣੁ ਮੈਨੂੰ ਹੋਰੁ ਨਹੀਂ ਸੁਝਦਾ।
ਬਾਝੂੰ ਸਜਣੁ ਮੈਨੂੰ ਹੋਰੁ ਨਹੀਂ ਸੁਝਦਾ ।੧। ਰਹਾਉ। ਕਾਫੀ ਨੰ: 59

ਇਸ ਦੇ ਨਾਲ ਹੀ ਹੁਸੈਨ ਜੀਵ ਨੂੰ ਇਹ ਸੰਕੇਤ ਵੀ ਕਰਦਾ ਹੈ ਕਿ ਜੇ ਤੇਰੇ ਕੋਲੋਂ ਇਸ਼ਕ ਹਕੀਕੀ ਨਹੀਂ ਹੁੰਦਾ ਤਾਂ ਘੱਟੋ ਘੱਟ ਇਸ਼ਕ ਮਿਜਾਜ਼ੀ ਹੀ ਅਪਣਾ ਲੈ, ਕਿਉਂਕਿ ਇਸ਼ਕ ਦੇ ਤਾਂ ਇਹ ਦੋਵੇਂ ਰੂਪ ਹੀ ਪਵਿੱਤਰ ਹਨ ਤੇ ਸਾਧਨਾ ਦੇ ਨਜ਼ਰੀਏ ਤੋਂ ਤੇ ਜੀਵਨ ਸਫਲ ਬਣਾਉਣ ਲਈ ਜਰੂਰੀ ਹਨ। ਉਸਦਾ ਕਥਨ ਹੈ:

ਨਹੁੰ ਹਕੀਕਤ ਘਿੰਨ ਮਿਜਾਜ਼ੀ, ਦੋਵੇਂ ਗੱਲਾਂ ਸੁਟਿ ਨਾ ਬਹੁ ਵੋ। ਕਾਫੀ ਨੰ: 45

ਆਪਣੇ 'ਮੁਰਸ਼ਦ'/'ਸਤਿਗੁਰ' ਪ੍ਰਤੀ ਪ੍ਰੇਮ ਭਾਵਾਂ ਨੂੰ ਸੰਚਾਰਦਿਆਂ ਉਸਦਾ ਕਾਵਿ-ਪ੍ਰਵਚਨ ਥੋੜੀ ਇਸ਼ਕ ਮਿਜਾਜ਼ੀ ਦੀ ਰੰਗਣ ਵੀ ਅਖਤਿਆਰ ਕਰ ਲੈਂਦਾ ਹੈ:

ਅਸਾਂ ਅੰਦਰ ਬਾਹਰਿ ਲਾਲੁ ਹੈ, ਅਸਾਂ ਮੁਰਸ਼ਦ ਨਾਲ ਪਿਆਰ ਹੈ।
ਅਸਾਂ ਏਹੋ ਵਣਜ ਵਪਾਰ ਹੈ। ਕਾਫੀ ਨੰ: 118
ਪ੍ਰੇਮ ਪਿਆਲਾ ਸਤਿਗੁਰ ਵਾਲਾ, ਪੀਵਤਿ ਹੀ ਮੈਂ ਝੁਲੀਆਂ ।੧। ਰਹਾਉ। ਕਾਫੀ ਨੰ: 138

ਸ਼ਾਹ ਹੁਸੈਨ ਨੇ ਇਸ਼ਕ ਤੇ ਇਸ਼ਕੀਆ ਸਾਧਨਾ ਵਿਵਹਾਰ ਨੂੰ ਸਾਧਕ ਦੇ ਸਮੁੱਚੇ ਆਸਰੇ ਤੇ ਜੀਵਨ ਵਰਤਾਰੇ ਵਜੋਂ ਵੀ ਪੇਸ਼ ਕੀਤਾ ਹੈ:

ਇਸ਼ਕ ਫ਼ਕੀਰਾਂ ਦੀ ਟੋਹਣੀ, ਇਹ ਵਸਤ ਅਗੋਚਰ ਜੋਹਣੀ।
ਅਸਾਂ ਤਲਬ ਤੇਰੀ ਹੈ ਸੋਹਣੀ, ਅਸਾਂ ਹਰ ਦੰਮ ਰੱਬ ਧਿਆਵਣਾ॥ ਕਾਫੀ ਨੰ: 118
ਦੁਨੀਆਂ ਛੋਡਿ ਫ਼ਕੀਰ ਥੀਆਸੇ, ਜਾਗੀ ਪ੍ਰੇਮ ਕਣੀ। ਕਾਫੀ ਨੰ: 134

ਤੇ ਹੁਸੈਨ ਇਸ਼ਕ ਨੂੰ ਕਾਵਿ-ਪ੍ਰਵਚਨ ਵਜੋਂ ਕੁਝ ਇਉਂ ਵੀ ਸੰਚਾਰਦਾ ਹੈ:

ਇਸ਼ਕ ਫ਼ਕੀਰਾਂ ਦਾ ਕਾਇਮ ਦਾਇਮ, ਕਬਹੂੰ ਨ ਥੀਵ ਬੇਹਾ। ਕਾਫੀ ਨੰ: 144
ਸ਼ਾਹ ਹੁਸੈਨ ਜਿਨ੍ਹਾਂ ਸਚ ਪਛਾਤਾ, ਕਾਮਲ ਇਸ਼ਕ ਤਿਨ੍ਹਾਂ ਦਾ ਜਾਤਾ। ਕਾਫੀ ਨੰ: 156

ਸੁਲਤਾਨ ਬਾਹੂ ਨੇ ਵੀ ਆਪਣੇ ਸਾਧਨਾ ਵਿਵਹਾਰ ਵਜੋਂ ਅਪਣਾਏ ਇਸ਼ਕੀਆ ਪ੍ਰਬੰਧ ਜਾਂ ਪ੍ਰੇਮ ਭਾਵਾਂ ਨੂੰ ਹੀ ਸਮੁੱਚੇ ਕਾਵਿ-ਪ੍ਰਗਟਾਵੇ ਵਿਚ ਕੇਂਦਰੀਕ੍ਰਿਤ ਕਰਦਿਆਂ, ਇਸ਼ਕ ਦੇ ਪ੍ਰਵਚਨ ਵਜੋਂ ਸੰਚਾਰਿਤ ਕੀਤਾ ਹੈ। ਉਹ ਸ਼ਾਹ ਹੁਸੈਨ ਵਾਂਗ ਇਸ਼ਕ ਦੇ ਅਜ਼ਲੀ/ਚਰੋਕੇ ਹੋਣ ਵਾਲੇ ਸਰੂਪ ਨੂੰ ਬਿਆਨ ਕਰਦਾ ਹੈ। ਉਸਦਾ ਕਾਵਿ-ਪ੍ਰਗਟਾ ਹੈ:

ਜੈਂ ਦਿਲ ਇਸ਼ਕ ਖ਼ੀਦ ਨਾ ਕੀਤਾ, ਸੋ ਦਿਲ ਬਖਤ ਨਾ ਬਖਤੀ ਹੂ।
ਉਸਤਾਦ ਅਜ਼ਲ ਦੇ ਸਬਕ ਪੜਾਇਆ, ਹੱਥ ਦਿੱਤਸ ਦਿਲ ਤਖਤੀ ਹੂ। ਬੈਂਤ ਨੰ:35

ਪਰਮਾਰਥੀ ਵਸਲ ਦੀ ਪ੍ਰਾਪਤੀ ਲਈ ਉਹ ਇਸ਼ਕ ਹਕੀਕੀ ਨੂੰ ਅਪਣਾਉਣ ਬਾਰੇ ਚਿਤਾਰਦਿਆਂ ਕਹਿੰਦਾ ਹੈ:

ਯਾਰ ਯਗਾਨਾ ਮਿਲਸੀ ਤੈਨੂੰ, ਜੇ ਸਿਰ ਦੀ ਬਾਜ਼ੀ ਲਾਈ ਹੂ।
ਇਸ਼ਕ ਅੱਲ੍ਹਾ ਵਿਚ ਹੋ ਮਸਤਾਨਾ, ਹੂ ਹੂ ਸਦਾ ਅਲਾਈਂ ਹੂ। ਬੈਂਤ ਨੰ: 114
ਤਦੋਂ ਫ਼ਕੀਰ ਸ਼ਤਾਬੀ ਬਣਦਾ, ਜਦ ਜਾਨ ਇਸ਼ਕ ਵਿਚ ਹਾਰੇ ਹੂ।

ਆਸ਼ਕ ਸ਼ੀਸ਼ਾ ਤੇ ਨਕਸ਼ ਮੁਰੱਬੀ, ਜਾਨ ਜਾਨਾਂ ਤੋਂ ਵਾਰੇ ਹੂ। ਬੈਂਤ ਨੰ: 29

ਤੇ ਬਾਹ ਅਜਿਹੇ ਜੀਵ ਨੂੰ ਪਰਮਾਤਮਾ ਦੁਆਰਾ ਦੁਤਕਾਰਿਆ ਹੋਇਆ ਸਮਝਦਾ ਹੈ ਜੋ ਆਪਣੇ ਦਿਲ ਵਿਚ ਪਰਮਾਤਮਾ ਤੇ ਮੁਰਸ਼ਦ ਪ੍ਰਤੀ ਇਸ਼ਕੀਆ ਭਾਵ ਨਹੀਂ ਰਖਦਾ:

ਜੈਂ ਦਿਲ ਇਸ਼ਕ ਖਰੀਦ ਨਾ ਕੀਤਾ, ਸੋ ਦਿਲ ਦਰਦ ਨਾ ਫੱਟੀ ਹੂ।
ਜੈਂ ਦਿਲ ਇਸ਼ਕ ਹਜੂਰ ਨਾ ਮੰਗਿਆ, ਸੋ ਦਰਗਾਹੋਂ ਸੱਟੀ ਹੂ।
ਉਸ ਦਿਲ ਥੀਂ ਸੰਗ ਪਥਰ ਚੰਗੇਰੇ, ਜੋ ਗਫ਼ਲਤ ਦਿਲ ਅੱਟੀ ਹੂ। ਬੈਂਤ ਨੰ: 36

ਉਹ ਅਜਿਹੇ ਲੋਕਾਂ ਦੀ ਪਵਿਤਰਤਾ ਤੇ ਪਵਿਤਰ ਹੋਣ ਨੂੰ ਵੀ ਸ਼ੱਕ ਦੇ ਕਟਹਿਰੇ ਵਿਚ ਖੜੇ ਕਰ ਦਿੰਦਾ ਹੈ ਜੋ ਲੋਕ ਪਰਮਾਤਮਾ ਦੇ ਇਸ਼ਕ ਨੂੰ ਆਪਣੇ ਦਿਲ ਵਿਚ ਵਸਾਏ ਬਿਨ੍ਹਾਂ ਹੀ ਖੁਦ ਨੂੰ ਪਵਿਤਰ ਹੋਣ ਵਜੋਂ ਪ੍ਰਸਤੁਤ ਕਰਦੇ ਹਨ:

ਜੋ ਪਾਕੀ ਬਿਨ ਇਸ਼ਕ ਮਾਹੀ ਦੇ, ਪਾਕੀ ਜਾਨ ਪਲੀਤੀ ਹੂ।
… … … … … … … … … … … … … … … …
ਇਸ਼ਕ ਬਾਜ਼ੀ ਤਿਨ੍ਹਾਂ ਜਾ ਲੀਤੀ, ਜਿਨ੍ਹਾਂ ਸਿਰ ਦਿਤਿਆਂ ਢਿਲ ਨਾ ਕੀਤੀ ਹੂ। ਬੈਂਤ ਨੰ: 37

ਸੁਲਤਾਨ ਬਾਹੂ ਇਸ਼ਕ ਦੇ ਪ੍ਰਵਚਨ ਨੂੰ ਸੰਚਾਰਦਿਆਂ ਅਜਿਹੇ ਲੋਕਾਂ ਨੂੰ ਖੁਸਰੇ ਕਹਿ ਕੇ ਸੰਬੋਧਿਤ ਹੁੰਦਾ ਹੈ ਜੋ ਕਿ ਆਪਣੇ ਮਨ ਵਿਚ ਪਰਮਾਤਮਾ ਤੇ ਉਸ ਤੱਕ ਪਹੁੰਚੇ ਤੇ ਉਸਦੀ ਜ਼ਾਤ ਵਿਚ ਅਭੇਦ ਹੋਏ 'ਮੁਰਸ਼ਦ'/ਪ੍ਰਤੀ ਇਸ਼ਕੀਆ ਭਾਵਾਂ ਦਾ ਵਸੇਬ ਨਹੀਂ ਕਰਦੇ:

ਜੈਂ ਦਿਲ ਇਸ਼ਕ ਖ਼ੀਦ ਨਾ ਕੀਤਾ, ਸੋ ਦਿਲ ਦਰਦ ਨਾ ਦਾਨੇ ਹੂ।
ਖ਼ੁਸਰੇ ਖੁਨਸੇ ਹਰ ਕੋਈ ਆਖੇ, ਕੌਂਨ ਆਖੇ ਮਰਦਾਨੇ ਹੂ। ਬੈਂਤ ਨੰ:38

ਉਹ ਇਸ਼ਕ ਨੂੰ ਆਪਣੇ ਕਾਵਿ-ਪ੍ਰਵਚਨ ਵਿਚ ਇਕ ਸਰਾਫ਼ ਵਜੋਂ ਵੀ ਸੰਚਾਰਦਾ ਹੈ ਜ ਕਿ ਸਾਧਕ/ਜੀਵ ਅੰਦਰ ਕਿਸੇ ਵੀ ਪ੍ਰਕਾਰ ਦੀ ਖੋਟ ਨਹੀਂ ਰਹਿਣ ਦਿੰਦਾ ਤੇ ਸਾਧਨਾ ਦੇ ਸਿਖਰਲੀ ਮੰਜਲ 'ਤੇ ਪਹੁੰਚਾ ਕੇ ਪਰਮਾਤਮਾ ਨਾਲ ਵਸਲ ਪ੍ਰਾਪਤੀ ਕਰਾਉਣ ਵਾਲਾ ਪਵਿਤਰ ਸਾਧਨ ਬਣਦਾ ਹੈ। ਬਾਹੂ ਦਾ ਕਾਵਿ-ਸੰਚਾਰ ਹੈ:

ਇਸ਼ਕ ਜਿਹਾ ਸ਼ਰਾਫ਼ ਨਾ ਕੋਈ, ਕੁਝ ਨਾ ਛੋੜੇ ਵਿਚ ਜ਼ਰ ਦੇ ਹੂ।
ਆਸ਼ਕਾਂ ਨੀਂਦਰ ਭੁੱਖ ਨਾ ਕੋਈ, ਆਸ਼ਿਕ ਮੂਲ ਨਾ ਮਰਦੇ ਹੂ।
ਆਸ਼ਿਕ ਸੋਈ ਜੀਉਂਦੇ ਬਾਹੂ, ਜੋ ਰਬ ਅੱਗੇ ਸਿਰ ਧਰਦੇ ਹੂ। ਬੈਂਤ ਨੰ: 40

ਸੁਲਤਾਨ ਬਾਹੂ ਅਨੁਸਾਰ ਇਕ ਫ਼ਕੀਰ/ਸਾਧਕ ਨੂੰ ਸਾਧਨਾ ਮੰਜ਼ਲ ਦੀ ਸ਼ਿਖਰ ਤੇ ਪਹੁੰਚਾ ਕੇ ਪੂਰਨ ਫ਼ਕੀਰ ਦੀ ਪਦਵੀ ਪ੍ਰਦਾਨ ਕਰਨ ਤੇ ਸਦੀਵੀ ਮਸਤੀ ਭਰੀ ਪੂਰਨ ਫ਼ਕੀਰੀ ਦੀ ਸਥਿਤੀ ਨੂੰ ਸਿਰਜਣ ਵਾਲਾ ਵੀ ਇਸ਼ਕ ਹੀ ਹੈ। ਇਹੀ ਇਸ਼ਕ ਸਾਧਕ ਲਈ ਸਦੀਵੀ ਮਸਤੀ ਤੋਂ ਅੱਗੇ ਵਧਦਿਆਂ ਸੰਪੂਰਨ ਖਾਮੋਸ਼ੀ ਦੇ ਪ੍ਰਵਚਨ ਨੂੰ ਸਿਰਜਣ ਵਾਲਾ ਵੀ ਬਣ ਜਾਂਦਾ ਹੈ:

ਜਿੰਨ੍ਹਾਂ ਇਸ਼ਕ ਹਕੀਕੀ ਪਾਇਆ, ਮੋਹੂੰ ਨਾ ਕੁਝ ਅਲਾਵਣ ਹੂ।
ਜ਼ਿਕਰ ਫ਼ਿਕਰ ਵਿਚ ਰਹਿਣ ਹਮੇਸ਼ਾ, ਦਮ ਨੂੰ ਕੈਦ ਲਗਾਵਣ ਹੂ। ਬੈਂਤ ਨੰ: 41
ਇਸ਼ਕ ਜਿਨ੍ਹਾਂ ਦੇ ਮੁੱਢੀਂ ਰਚਿਆ, ਉਹ ਫਿਰਦੇ ਚੁਪ ਚੁਪਾਤੇ ਹੂ।
ਲੂੰ ਲੂੰ ਦੇ ਵਿਚ ਲਖ ਜ਼ੁਬਾਨਾਂ, ਉਹ ਕਰੇ ਗੁੰਗੀ ਬਾਤੇ ਹੂ।
ਵੁਜ਼ੂ ਕਰਦੇ ਇਸਮ ਅੱਲਾ ਦਾ, ਤੇ ਦਰਿਆ ਵਹਿਦਤ ਨਹਾਤੇ ਹੂ। ਬੈਂਤ ਨੰ: 88

ਇਸ਼ਕੀਆ ਸਾਧਨਾ ਵਿਚ ਮੁਰਸ਼ਦ ਦੀ ਉਪਯੋਗਤਾ ਨੂੰ ਮੰਨਦਿਆਂ ਸਾਧਕ ਅੰਦਰ ਰੱਬ ਪ੍ਰਤੀ ਇਸ਼ਕੀਆ ਭਾਵਾਂ ਨੂੰ ਸੰਚਾਰਿਤ ਕਰਨ ਲਈ ਉਹ ਮੁਰਸ਼ਦ ਪ੍ਰਤੀ ਸ਼ੁਕਰਾਨੇ ਦੇ ਰੂਪ ਵਿਚ ਕਹਿੰਦਾ ਹੈ:

ਜੋ ਦਮ ਗਾਫਿਲ ਸੋ ਦਮ ਕਾਫ਼ਿਰ, ਸਾਨੂੰ ਮੁਰਸ਼ਦ ਇਹ ਪੜ੍ਹਾਇਆ ਹੂ।
ਸੁਣਿਆਂ ਸੁਖਨ ਗਈਆਂ ਖੁੱਲ੍ਹ ਅੱਖੀਂ, ਅਸਾਂ ਚਿਤ ਮੌਲਾ ਵਲ ਲਾਇਆ ਹੂ।
ਕੀਤੀ ਜਾਨ ਹਵਾਲੇ ਰੱਬ ਦੇ, ਅਸਾਂ ਐਸਾ ਇਸ਼ਕ ਕਮਾਇਆ ਹੂ।
ਮਰਨ ਥੀਂ ਮਰ ਗਏ ਅੱਗੇ ਬਾਹੂ, ਅਸਾਂ ਤਾਂ ਮਤਲਬ ਪਾਇਆ ਹੂ। ਬੈਂਤ ਨੰ: 43

ਉਹ ਸਾਧਨਾ ਦੇ ਇਸ਼ਕੀਆ ਸਰੂਪ ਨੂੰ ਕੇਂਦਰੀਕ੍ਰਿਤ ਕਰਦਿਆਂ ਸਾਧਨਾ ਦੇ ਬਾਹਰੀ ਦਿਖਾਵਟ ਵਾਲੇ ਸ਼ਰ੍ਹਈ ਪ੍ਰਬੰਧ ਦੀ ਵਿਰਚਨਾ ਕਰਦਾ ਵੀ ਪ੍ਰਤੀਤ ਹੁੰਦਾ ਹੈ। ਇਵੇਂ ਕਰਦਿਆਂ ਉਹ ਸ਼ਰ੍ਹਈ ਅਸੂਲਾਂ/ਵਿਵਹਾਰਾਂ ਨੂੰ ਸਾਧਨਾ ਪ੍ਰਬੰਧ ਦੇ ਕੇਂਦਰ ਵਿਚੋਂ ਵਿਸਥਾਪਿਤ ਕਰਕੇ ਹਾਸ਼ੀਆਗਤ ਕਰਦਿਆਂ, ਸਾਧਨਾ ਦੇ ਇਸ਼ਕੀਆ ਸਰੂਪ ਜਾਂ ਇਸ਼ਕ ਨੂੰ ਸਾਧਨਾ ਕੇਂਦਰ ਵਜੋਂ ਸਥਾਪਿਤ ਕਰਦਾ ਪ੍ਰਤੀਤ ਹੁੰਦਾ ਹੈ:

ਆਸ਼ਿਕ ਪੜ੍ਹਨ ਨਮਾਜ ਪਰਮ ਦੀ, ਜੈਂ ਵਿਚ ਹਰਫ਼ ਨਾ ਕੋਈ ਹੂ।
ਜੇਹਾ ਕੇਹਾ ਨੀਤ ਨਾ ਸੇਕੇ, ਜਿਥੇ ਦਰਦਮੰਦਾਂ ਦਿਲ ਢੋਈ ਹੂ।
ਅੱਖੀਂ ਨੀਰੇ ਖ਼ੂਨ ਜਿਗਰ ਦਾ, ਵੁਜ਼ੂ ਪਾਕ ਸਿਜ਼ ਓਈ ਹੂ।
ਜ਼ੁਬਾਨ ਨਾ ਹਿੱਲੇ ਤੇ ਹੋਂਠ ਨਾ ਫੜਕਣ, ਬਾਹੂ ਖਾਸ ਨਿਮਾਜ ਹੈ ਸੋਈ ਹੂ। ਬੈਂਤ ਨੰ: 77

ਇਸ਼ਕ ਨੂੰ ਇਕ ਪ੍ਰਵਚਨ ਵਜੋਂ ਸੰਚਾਰਦਿਆਂ ਉਹ ਕੁਝ ਇਸ ਪ੍ਰਕਾਰ ਦੀ ਅਭਿਵਿਅਕਤੀ ਵੀ ਕਰਦਾ ਹੈ, ਜਿਥੇ ਉਸਦਾ ਦਿਲ ਪ੍ਰੇਮੀਆਂ ਤੋਂ ਕੁਰਬਾਨ ਹੋ ਜਾਣ ਨੂੰ ਵੀ ਕਰਦਾ ਹੈ:

ਮੈਂ ਕੁਰਬਾਨ ਤਿਨ੍ਹਾਂ ਤੋਂ ਬਾਹੂ, ਜਿਨ੍ਹਾਂ ਖ਼ੁਹ ਪ੍ਰੇਮ ਦੇ ਜੁੱਤੇ ਹੂ। ਬੈਂਤ ਨੰ: 112

ਆਪਣੇ ਕਾਵਿ-ਪ੍ਰਗਟਾਵੇ ਦੇ ਸਿਖਰ ਤੇ ਪਹੁੰਚਦਿਆਂ ਆਪਣੇ ਸਵੈ ਤੋਂ ਪਾਰ ਜਾਂਦਿਆਂ ਜਨ ਸਮੂਹ ਲਈ ਭਲੇ ਦੇ ਦ੍ਰਿਸ਼ਟੀਕੋਣ ਤੋਂ ਉਹ ਇਕ ਜੀਵ/ਸਾਧਕ ਨੂੰ ਸਾਧਨਾ ਦੇ ਇਸ਼ਕੀਆ ਵਿਵਹਾਰ ਨੂੰ ਅਪਣਾਉਣ ਪ੍ਰਤੀ ਚੇਤੰਨ ਕਰਦਾ ਹੈ ਕਿ ਉਸਨੂੰ ਪਰਮਾਤਮਾ ਨਾਲ ਵਸਲ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਉਹ ਉਸਦੇ ਇਸ਼ਕ ਵਿਚ ਮਸਤਾਨਾ ਹੋ ਕੇ ਹਰ ਸਮੇਂ ਉਸਦਾ ਨਾਮ ਸਿਮਰਨ ਕਰੇਗਾ। ਇਸ਼ਕ ਨੂੰ ਅਜਿਹੇ ਕਾਵਿ-ਪ੍ਰਵਚਨ ਵਜੋਂ ਸੰਚਾਰਦਾ ਬਾਹੂ ਦਾ ਕਥਨ ਹੈ:

ਯਾਰ ਯਗਾਨਾ ਮਿਲਸੀ ਤੈਨੂੰ, ਜੇ ਸਿਰ ਦੀ ਬਾਜ਼ੀ ਲਾਈਂ ਹੂ।
ਇਸ਼ਕ ਅੱਲ੍ਹਾ ਵਿਚ ਹੋ ਮਸਤਾਨਾ, ਹੂ ਹੂ ਸਦਾ ਅਲਾਈਂ ਹੂ।
ਨਾਲ ਤਸੱਵਰ ਇਸ਼ਮ ਅੱਲਾ ਦੇ, ਦਿਲ ਨੂੰ ਕੈਦ ਲਗਾਈਂ ਹੂ।
ਜ਼ਾਤੀ ਨਾਲ ਜਾਂ ਜ਼ਾਤੀ ਰਲਿਆ, ਤਦ ਬਾਹੂ ਨਾਮ ਸਦਾਈਂ ਹੂ। ਬੈਂਤ ਨੰ: 114

ਇਸ਼ਕ ਤੇ ਇਸ਼ਕੀਆ ਸਾਧਨਾ ਵਿਵਹਾਰ ਦੀ ਕਾਵਿ-ਪ੍ਰਵਚਨ ਵਜੋਂ ਸੰਚਾਰਨਾ ਸਭ ਤੋਂ ਵਧੇਰੇ ਬੇਬਾਕੀ ਨਾਲ ਬੁੱਲ੍ਹੇ ਸ਼ਾਹ ਨੇ ਕੀਤੀ ਹੈ। ਉਸਨੇ ਬਾਹਰੀ ਦਿਖਾਵਟ ਵਾਲੇ ਸਾਧਨਾ ਦੇ ਸ਼ਰ੍ਹਈ ਪ੍ਰਬੰਧ ਨੂੰ ਚੁੱਪ ਕਰਕੇ ਵਿਸਾਰਦਿਆਂ ਸਿਰਫ਼ ਇਸ਼ਕ ਨੂੰ ਸਾਧਨਾ ਵਿਵਹਾਰ ਵਜੋਂ ਅਪਣਾਉਣ ਦੀ ਗੱਲ ਹੀ ਨਹੀਂ ਕੀਤੀ ਹੈ ਸਗੋਂ ਉਸਨੇ ਆਪਣੇ ਕਾਵਿ-ਪ੍ਰਗਟਾਵ ਦੀ ਪੂਰੀ ਸਮਰੱਥਾ ਨਾਲ ਸਾਧਨਾ ਦੇ ਸ਼ਰ੍ਹਈ ਪ੍ਰਬੰਧ ਵਾਲੇ ਦਿਖਾਵਟਪੂਰਨ ਬਾਹਰੀ ਕਰਮਕਾਂਡੀ ਵਿਵਹਾਰ ਨੂੰ ਕੋਸਦਿਆਂ ਭੰਡਦਿਆਂ ਸਾਧਨਾ ਵਿਵਹਾਰ ਵਿਚੋਂ ਪੂਰੀ ਤਰ੍ਹਾਂ ਖਾਰਜ ਕਰਦਿਆਂ ਇਸਨੂੰ ਸਮੁੱਚੇ ਸੂਫ਼ੀਆਨਾ ਸਾਧਨਾ ਪ੍ਰਬੰਧ ਵਿਚੋਂ ਵਿਰਚਨਾ ਰਾਹੀਂ ਵਿਸਥਾਪਿਤ ਕਰਦਿਆਂ ਹਾਸ਼ੀਆਗਤ ਕਰਕੇ ਇਸਦੀ ਜਗ੍ਹਾ ਸਾਧਨਾ ਦੇ ਇਸ਼ਕੀਆ ਸਰੂਪ ਨੂੰ ਕੇਂਦਰੀਕ੍ਰਿਤ ਕਰਦਿਆਂ ਸਾਧਨਾ ਵਿਧਾਨ ਦੇ ਕੇਂਦਰ ਵਿਚ ਲੈ ਆਂਦਾ ਹੈ। ਉਸਦੇ ਕਾਵਿ-ਪਾਠਾਂ ਵਿਚਲਾ ਸਮੁੱਚਾ ਇਸ਼ਕੀਆ ਕਾਵਿ-ਪ੍ਰਵਚਨ ਵੱਡੇ ਪੱਧਰ ਤੇ ਅਜਿਹੀ ਵਿਰਚਨਾ ਕਰਦਿਆਂ ਇਸ਼ਕ ਨੂੰ ਸਾਧਨਾ ਵਿਵਹਾਰ ਦੇ ਕੇਂਦਰ ਵਜੋਂ ਸਥਾਪਿਤ ਕਰਦਾ ਹੀ ਦਿਖਾਈ ਦਿੰਦਾ ਹੈ।

ਬੁੱਲ੍ਹੇ ਸ਼ਾਹ ਵੀ ਇਸ਼ਕ ਮਿਜਾਜ਼ੀ ਤੇ ਇਸ਼ਕ ਹਕੀਕੀ ਵਾਲੇ ਦੋਹਾਂ ਪੱਧਰਾਂ 'ਤੇ ਹੀ ਇਸ਼ਕੀਆ ਵਿਵਹਾਰ ਨੂੰ ਸੰਚਾਰਿਤ ਕਰਦਾ ਨਜ਼ਰ ਆਉਂਦਾ ਹੈ। ਉਸਦਾ ਇਹ ਇਸ਼ਕੀਆ ਪ੍ਰਗਟਾਵਾ ਪਰਮਾਤਮਾ ਦੇ ਨਾਲ-ਨਾਲ ਮੁਰਸ਼ਦ ਪ੍ਰਤੀ ਸਗੋਂ ਵਧੇਰੇ ਹੈ। ਜਿਸਨੂੰ ਅੱਗੇ ਦਿੱਤੇ ਕਾਵਿ-ਸੰਚਾਰ ਤੋਂ ਦੇਖਿਆ ਜਾ ਸਕਦਾ ਹੈ:

ਤੇਰੇ ਇਸ਼ਕ ਨਚਾਇਆ ਕਰ ਥੱਈਆ ਥਈਆ।
… … … … … … … … … … … … …
ਝਬਦੇ ਆਵੀਂ ਵੇ ਤਬੀਬਾ ਨਹੀਂ ਤੇ ਮੈਂ ਮਰ ਗਈਆ, ਤੇਰੇ ਇਸ਼ਕ … … ਕਾਫੀ ਨੰ: 31
ਇਹ ਤਾਂ ਠੱਗ ਜਗਤ ਦੇ ਝੀਵਰ, ਲਾਵਣ ਜਾਲ ਚੁਫੇਰੇ।
ਕਰਮ ਸ਼ਰ੍ਹਾ ਦੇ ਧਰਮ ਬਤਾਵਣ, ਸੰਗਲ ਪਾਵਣ ਪੈਰੀ।
ਜ਼ਾਤ ਮਜ਼ਹਬ ਇਹ ਇਸ਼ਕ ਨਾ ਪੁੱਛਦਾ, ਇਸ਼ਕ ਸ਼ਰ੍ਹਾ ਦਾ ਵੈਰੀ। ਕਾਫੀ ਨੰ: 18

**ਇਸ਼ਕ ਰਾਹੀਂ ਹੱਜ ਦੇ ਸ਼ਰ੍ਹਈ ਪ੍ਰਬੰਧ ਦੀ ਵਿਰਚਨਾ:**

ਹਾਜੀ ਲੋਕ ਮੱਕੇ ਨੂੰ ਜਾਂਦੇ, ਮੇਰਾ ਰਾਂਝਾ ਮਾਹੀ ਮੱਕਾ, ਨੀ ਮੈਂ ਕਮਲੀ ਹਾਂ ਕਾਫੀ ਨੰ: 59
ਹਾਜੀ ਲੋਕ ਮੱਕੇ ਨੂੰ ਜਾਂਦੇ, ਸਾਡਾ ਹੈਂ ਤੂੰ ਹੱਜ ਓ ਯਾਰ। ਕਾਫੀ ਨੰ:83

ਬੁੱਲ੍ਹੇ ਸ਼ਾਹ ਨੇ ਇਸ਼ਕ ਹਕੀਕੀ ਤੋਂ ਪਹਿਲਾਂ ਇਸ਼ਕ ਮਿਜਾਜ਼ੀ ਦੀ ਅਨਿਵਾਰਤਾ ਦੀ ਪ੍ਰੋੜਤਾ ਵੀ ਆਪਣੇ ਕਾਵਿ-ਪ੍ਰਵਚਨ ਵਿਚ ਕੀਤੀ ਹੈ:

ਜਿਚਰ ਨਾ ਇਸ਼ਕ ਮਜਾਜ਼ੀ ਲਾਗੇ, ਸੂਈ ਸੀਵੇ ਨਾ ਬਿਨ ਧਾਗੇ।
ਇਸ਼ਕ ਪਿਤਾ ਤੇ ਮਾਤਾ ਹੈ … … … … … … … … … ਕਾਫੀ ਨੰ: 53

ਸ਼ਰ੍ਹਈ ਪ੍ਰਬੰਧ ਦੀ ਵਿਰਚਨਾ ਕਰਦਿਆਂ ਇਸ਼ਕ ਨੂੰ ਸਾਧਨਾ ਵਿਵਹਾਰ ਦੇ ਕੇਂਦਰ ਵਜੋਂ ਸਥਾਪਦਾ ਉਸਦਾ ਇਕ ਕਥਨ ਇਉਂ ਵੀ ਹੈ:

ਨੀ ਮੈਂ ਸੁਣਿਆ ਇਸ਼ਕ ਸ਼ਰ੍ਹਾ ਕੀ ਨਾਤਾ।
ਪੀ ਮੁਹੱਬਤ ਦਾ ਇਕ ਪਿਆਲਾ ਭੁੱਲ ਜਾਵਣ ਸਭ ਬਾਤਾ।
ਘਰ ਘਰ ਸਾਂਈ ਹੈ ਉਹ ਸਾਈਂ ਹਰ ਹਰ ਨਾਂ ਪਛਾਤਾ।
ਅੰਦਰ ਮੇਰੇ ਮੁਰਸ਼ਦ ਵਸਦਾ ਨੇਹੁੰ ਲੱਗਾ ਤਾਂ ਜਾਤਾ। ਕਾਫੀ ਨੰ: 143

ਅਖੀਰਲੇ ਵੱਡੇ ਸੂਫ਼ੀ ਸ਼ਾਇਰ ਖ਼ਵਾਜਾ ਗ਼ੁਲਾਮ ਫ਼ਰੀਦ ਨੇ ਵੀ ਸਾਧਨਾ ਦੇ ਪ੍ਰੰਪਰਾਗਤ ਬਾਹਰਮੁਖੀ ਕਰਮਕਾਂਡੀ ਵਿਧੀ ਵਿਧਾਨਾਂ ਨੂੰ ਛੱਡ ਕੇ ਇਸ਼ਕ ਨੂੰ ਸਾਧਨਾ ਵਿਵਹਾਰ ਵਜੋਂ ਅਪਣਾਉਣ ਪ੍ਰਤੀ ਆਪਣੇ ਸਵੈ ਤੋਂ ਪਾਰ ਜਾਂਦਿਆਂ ਜਨ ਸਮੂਹ ਨੂੰ ਚੇਤੰਨ ਕਰਾਉਣ ਲਈ ਕਾਵਿ-ਪ੍ਰਵਚਨ ਵਜੋਂ ਸੰਚਾਰਿਆ ਹੈ। ਇਸ਼ਕ ਸਬੰਧੀ ਉਸਦੀ ਕਾਵਿ-ਅਭਿਵਿਅਕਤੀ ਵੀ ਸਮੁੱਚੇ ਤੌਰ ਤੇ ਰੱਬ/ਪਰਮਾਤਮਾ ਅਤੇ ਮੁਰਸ਼ਦ ਦੁਆਲੇ ਹੀ ਕੇਂਦਰਿਤ ਹੈ ਭਾਵੇਂ ਕਿ ਉਸਨੇ ਵੀ ਸਮੁੱਚੀ ਕਾਵਿ-ਪ੍ਰੰਪਰਾ ਵਿਚਲੇ ਸ਼ਾਇਰਾਂ ਵਾਂਗ ਇਨ੍ਹਾਂ ਭਾਵਾਂ ਦੀ ਸੰਚਾਰਨਾ ਲਈ ਵੱਖ-ਵੱਖ ਚਿਹਨਾਂ/ਪ੍ਰਤੀਕਾਂ ਆਦਿ ਦਾ ਸਹਾਰਾ ਲਿਆ ਹੈ। ਉਸਦੇ ਕਾਵਿ-ਪ੍ਰਗਟਾਵੇ ਵਿਚ ਵੀ ਇਸ਼ਕ ਹਕੀਕੀ ਤੇ ਇਸ਼ਕ ਮਿਜਾਜ਼ੀ ਵਾਲੇ ਦੋਵੇਂ ਰੂਪ ਵੱਖ-ਵੱਖ ਪੱਧਰਾਂ ਤੇ ਕਾਵਿ-ਪ੍ਰਵਚਨ ਵਜੋਂ ਸੰਚਾਰਿਤ ਹੁੰਦੇ ਦਿਖਾਈ ਦਿੰਦੇ ਹਨ। ਉਹ ਵੀ ਸੁਲਤਾਨ ਬਾਹੂ ਤੇ ਬੁੱਲ੍ਹੇ ਸ਼ਾਹ ਵਾਂਗ ਸਾਧਨਾ ਦੇ ਇਸ਼ਕੀਆ ਸਰੂਪ ਨੂੰ ਅਪਣਾਉਣ ਦਾ ਸੁਨੇਹਾ ਦਿੰਦਿਆਂ ਸਾਧਨਾ ਦੇ ਸ਼ਰ੍ਹਈ ਪ੍ਰਬੰਧ ਦੀ ਵਿਰਚਨਾ ਰਾਹੀਂ ਇਸਨੂੰ ਹਾਸ਼ੀਆਗਤ ਕਰਦਾ ਨਜ਼ਰ ਆਉਂਦਾ ਹੈ। ਇਸ਼ਕ ਨੂੰ

ਸਾਧਨਾ ਵਿਵਹਾਰ ਵਿਚ ਅਪਨਾਉਣ ਸਬੰਧੀ ਉਸ ਵੱਲੋਂ ਸੰਚਾਰਿਤ ਕਾਵਿ-ਪ੍ਰਵਚਨ ਨੂੰ ਅੱਗੇ ਦਿਤੇ ਉਸਦੇ ਕਾਵਿ-ਸੰਚਾਰ ਰਾਹੀਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਉਹ ਵੀ ਸ਼ਾਹ ਹੁਸੈਨ ਵਾਂਗ ਇਸ਼ਕ ਦੇ ਚਰੋਕੇ ਜਾਂ ਆਦਿ ਜੁਗਾਦਿ ਹੋਣ ਦੀ ਦੱਸ ਪਾਉਂਦਿਆਂ ਇਸਨੂੰ ਅੰਤਰਪਾਠਾਤਮਿਕਤਾ ਰਾਹੀਂ ਸੰਚਾਰਦਾ ਪ੍ਰਤੀਤ ਹੁੰਦਾ ਹੈ। ਇਵੇਂ ਸਮੁੱਚੀ ਸੂਫ਼ੀ ਕਾਵਿ-ਪ੍ਰੰਪਰਾ ਦੇ ਕਾਵਿ-ਪਾਠਾਂ ਵਿਚ ਅੰਤਰਪਾਠੀ ਸਬੰਧਾਂ ਦੀ ਮੌਜੂਦਗੀ ਦਾ ਵੀ ਪਤਾ ਚਲਦਾ ਹੈ। ਗ਼ੁਲਾਮ ਫ਼ਰੀਦ ਦਾ ਕਾਵਿ-ਸੰਚਾਰ ਦਖੋ:

ਇਸ਼ਕ ਫ਼ਰੀਦ ਨਹੀਂ ਅੱਜ ਕਲ ਦਾ। ਰੋਜ਼ ਅਜ਼ਲ ਦਾ ਦੀ ਮੁੱਠੀਆਂ ਮੁੱਠੀਆਂ। ਕਾਫੀ ਨੰ: 128
ਰੋਜ਼ ਅਜ਼ਲ ਦੀ ਯਾਰ ਪੁੱਨਲ ਦੀ। ਪਈ ਗਲ ਸਾਡੇ ਪੀਤ ਪੁਰਾਣੀ। ਕਾਫੀ ਨੰ: 226

ਇਵੇਂ ਸੂਫ਼ੀਆਨਾ ਸਾਧਨਾ ਵਿਵਹਾਰ ਲਈ ਉਹ ਇਕ ਸਾਧਕ ਲਈ ਇਸ਼ਕ ਨੂੰ ਹੀ ਸਭ ਤੋਂ ਬੁਨਿਆਦੀ ਤੇ ਜਰੂਰੀ ਵਿਵਹਾਰ ਕਰਾਰ ਦਿੰਦਾ ਕਹਿੰਦਾ ਹੈ:

ਮੈਂਡਾ ਇਸ਼ਕ ਵੀ ਤੂੰ ਮੈਂਡਾ ਯਾਰ ਵੀ ਤੂੰ। ਮੈਂਡਾ ਦੀਨ ਵੀ ਤੂੰ ਈਮਾਨ ਵੀ ਤੂੰ।
ਮੈਂਡਾ ਕਾਅਬਾ ਕਿਬਲਾ ਮਸਜਦ ਮੰਦਰ। ਮਸਹਫ ਤੇ ਕੁਰਾਨ ਵੀ ਤੂੰ। ਕਾਫੀ ਨੰ: 132

ਉਹ ਇਸ਼ਕ ਨੂੰ ਹੀ ਫ਼ਕੀਰ ਦੀ ਅਗਵਾਈ ਕਰਨ ਵਾਲੇ ਮਾਰਗ ਦਰਸ਼ਕ ਦੇ ਰੂਪ ਵਿਚ ਦੇਖਦਾ ਹੈ ਤੇ ਉਸਨੂੰ ਹੀ ਆਪਣਾ ਰਹਿਬਰ ਕਰਾਰ ਦੇ ਦਿੰਦਾ ਹੈ:

ਇਸ਼ਕ ਹੈ ਗੱਦੀ ਪਰਮ ਨੱਗਰ ਦਾ। ਇਸ਼ਕ ਹੈ ਰਹੱਬਰ ਰਾਹ ਫ਼ਕਰ ਦਾ।।
ਇਸ਼ਕੋਂ ਹਾਸਲ ਹੈ ਇਰਫਾਨ।। ਕਾਫੀ ਨੰ: 134
ਜਡਾਂ ਇਸ਼ਕ ਫ਼ਰੀਦ ਉਸਤਾਦ ਥੀਆ। ਸਬ ਇਲਮੋਂ ਅਮਲ ਬਰਬਾਦ ਥੀਆ।। ਕਾਫੀ ਨੰ: 141

ਖ਼ਵਾਜਾ ਗ਼ੁਲਾਮ ਫ਼ਰੀਦ ਸ਼ਰ੍ਹਈ ਪ੍ਰਬੰਧ ਦੀ ਵਿਰਚਨਾ ਕਰਦਿਆਂ ਇਸਨੂੰ ਸਾਧਨਾ ਵਿਵਹਾਰ ਵਿਚੋਂ ਵਿਸਥਾਪਿਤ ਕਰਕੇ ਇਸ ਦੀ ਜਗਾ ਇਸ਼ਕੀਆ ਸਾਧਨਾ ਵਿਵਹਾਰ ਨੂੰ ਕੇਂਦਰੀਕ੍ਰਿਤ ਕਰਦਿਆਂ ਇਸ਼ਕ ਦੇ ਪ੍ਰਵਚਨ ਨੂੰ ਕੁਝ ਇਸ ਪ੍ਰਕਾਰ ਵੀ ਸੰਚਾਰਦਾ ਹੈ:

ਦਸਤੋਂ ਪੀਰ ਮੁਗਾਂ ਦੇ। ਪੀਤਮ ਇਸ਼ਕ ਦਾ ਜਾਮ।।
ਵਹਦਤ ਕੀਤਾ ਗਲਬਾ। ਭੁਲ ਗਿਆ ਕੁਫਰ ਇਸਲਾਮ।।
ਗੁਜ਼ਰੇ ਫਰਜ ਫਰੀਜੇ। ਸੁਨਤ ਕੋ ਭੀ ਸਲਾਮ।। ਕਾਫੀ ਨੰ: 80
ਇਸ਼ਕ ਮਜਾਜ਼ੀ ਰਾਜ ਦੀ ਬਾਜ਼ੀ ਇਹੋ ਇਸ਼ਕ ਆਲਾ ਨੂਰੇ।।
… … … … … … … … … … … … … … … …
ਗ਼ੁਲਾਮ ਫ਼ਰੀਦਾ ਸਮਝਨ ਆਰਫ ਦਰਅਸਲ ਹਕੀਕਤ ਦੂਰੇ।। ਦੋਹੜਾ ਨੰ: 30

ਇਸ ਪ੍ਰਕਾਰ ਅਸੀਂ ਪੰਜਾਬੀ ਸੂਫ਼ੀ ਕਾਵਿ-ਪ੍ਰੰਪਰਾ ਵਿਚਲੇ ਪੰਜ ਪ੍ਰਮੁੱਖ ਸ਼ਾਇਰਾਂ ਦੇ ਕਲਾਮ ਨਾਲ ਸੰਵਾਦ ਰਚਾਉਂਦਿਆਂ ਉਸਦੇ ਪ੍ਰਵਚਨ ਵਿਸ਼ਲੇਸ਼ਣ ਰਾਹੀਂ ਦੇਖਦੇ ਹਾਂ ਕਿ ਇਸ ਕਾਵਿ-ਪ੍ਰੰਪਰਾ ਦੇ ਕਾਵਿ-ਪਾਠਾਂ ਵਿਚ ਇਸ਼ਕ ਨੂੰ ਇਕ ਪ੍ਰਮੁੱਖ ਕਾਵਿ-ਪ੍ਰਵਚਨ ਵਜੋਂ ਸੰਚਾਰਿਆ ਗਿਆ ਹੈ। ਸਮੁੱਚੀ ਕਾਵਿ-ਪ੍ਰੰਪਰਾ ਦੇ ਪ੍ਰਗਟਾਵੇ ਅੰਦਰ ਇਸ਼ਕ ਨੂੰ ਸਾਧਨਾ ਵਿਵਹਾਰ ਵਜੋਂ ਅਪਣਾਉਣ ਦਾ ਸੰਦੇਸ਼ ਦਿੱਤਾ ਗਿਆ ਹੈ। ਉਨ੍ਹਾਂ ਦਾ ਇਹ ਸੰਦੇਸ਼ ਇਸ ਕਾਵਿ-ਪ੍ਰੰਪਰਾ ਦੇ ਹੋਰ ਦੂਸਰੇ ਕਾਵਿ-ਪਾਠਾਂ ਵਿਚੋਂ ਪਾਠਾਂ ਅੰਦਰ ਵਿਚਰਦੀ ਅੰਤਰਪਾਠਾਤਮਿਕਤਾ ਰਾਹੀਂ ਹੋਰ ਵਡੇਰਾ ਪਸਾਰ ਗ੍ਰਹਿਣ ਕਰਦਿਆਂ ਪ੍ਰਸਤੁਤ ਹੁੰਦਾ ਹੈ। ਕਾਵਿ-ਪ੍ਰੰਪਰਾ ਵਿਚਲੇ ਇਨ੍ਹਾਂ ਸ਼ਾਇਰਾਂ ਦੇ ਕਾਵਿ-ਪ੍ਰਵਚਨ ਦਾ ਸਮੁੱਚਾ ਮੁਹਾਂਦਰਾ ਆਪਣੇ ਸਵੈ ਤੋਂ ਪਾਰ ਜਾਂਦਿਆਂ ਇਸ ਸਬੰਧੀ ਜਨ-ਸਮੂਹ ਨੂੰ ਚਿਤਾਰਨ ਵੱਲ ਸੇਧਤ ਹੈ।

ਇਥੇ ਹੀ ਇਹ ਸ਼ਾਇਰ ਇਸ਼ਕ ਨੂੰ ਸਾਧਨਾ ਤੇ ਜੀਵਨ ਵਿਵਹਾਰ ਵਜੋਂ ਅਪਣਾਉਣ ਦੀ ਨਸੀਹਤ ਕਰਦਿਆਂ ਇਸ਼ਕ ਨੂੰ ਕਾਵਿ-ਪ੍ਰਵਚਨ ਵਜੋਂ ਸੰਚਾਰਨ ਦੇ ਨਾਲ-ਨਾਲ ਸ਼ਰ੍ਹਈ ਪ੍ਰਬੰਧ ਦੀ ਵਿਰਚਨਾ ਕਰਦੇ ਵੀ ਦਿਖਾਈ ਦਿੰਦੇ ਹਨ। ਇਸ ਪ੍ਰਕਾਰ ਸਮੁੱਚੀ ਕਾਵਿ-ਪ੍ਰੰਪਰਾ ਅੰਦਰ ਇਸ਼ਕ ਦੇ ਸਾਧਨਾ ਵਿਵਹਾਰ ਦੇ ਕੇਂਦਰ ਵਜੋਂ ਉਜਾਗਰ ਹੋਣ ਤੇ ਸਥਾਪਤੀ ਕਾਰਨ ਇਸ਼ਕ ਦਾ ਇਹ ਪ੍ਰਵਚਨ ਸੂਫ਼ੀਆਨਾ ਕਾਵਿ-ਪ੍ਰਗਟਾਵੇ ਦੇ ਸਭ ਤੋਂ ਬੁਨਿਆਦੀ ਤੇ ਪ੍ਰਮੁੱਖ ਪ੍ਰਵਚਨ ਵਜੋਂ ਵਿਚਰਦਾ ਦਿਖਾਈ ਦਿੰਦਾ ਹ।

**ਹਵਾਲੇ**

ਵੱਖ-ਵੱਖ ਸੂਫ਼ੀ ਕਵੀਆਂ ਦੀ ਕਾਵਿ-ਰਚਨਾ ਦੇ ਹਵਾਲੇ ਹੇਠ ਲਿਖੀਆਂ ਪੁਸਤਕਾਂ ਵਿਚੋਂ ਆਏ ਹਨ:

1. ਡਾ. ਦੀਵਾਨ ਸਿੰਘ, 'ਫ਼ਰੀਦ ਦਰਸ਼ਨ' ਵਿਚੋਂ
2. ਡਾ. ਮੋਹਨ ਸਿੰਘ ਦੀਵਾਨਾ, 'ਸ਼ਾਹ ਹੁਸੈਨ' ਵਿਚੋਂ
3. ਸੁਲੱਖਣ ਸਰਹੱਦੀ, 'ਸੁਲਤਾਨ ਬਾਹੂ ਦਾ ਅਸਲ ਕਲਾਮ ਜੀਵਨ ਤੇ ਰਚਨਾ' ਵਿਚੋਂ
4. ਡਾ. ਜਗਤਾਰ, 'ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ' ਵਿਚੋਂ
5. ਡਾ. ਕਾਲਾ ਸਿੰਘ ਬੇਦੀ ਸੰਪਾਦਿਤ, 'ਕਾਫ਼ੀਆਂ ਖ਼੍ਵਾਜਾ ਗ਼ੁਲਾਮ ਫ਼ਰੀਦ' ਵਿਚੋਂ